ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 2 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੨੦ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## 1 ਘੰਟਾ 25 ਮਿੰਟ ਚੱਲੇ ਭਾਸ਼ਣ ਦੌਰਾਨ

# ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪੇਸ਼ ਕੀਤਾ ਬਜਟ

**ਨਵੀਂ ਦਿੱਲੀ, 1 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਐਤਵਾਰ 1 ਫਰਵਰੀ ਨੂੰ ਲੋਕ ਸਭਾ ਵਿੱਚ ਵਿੱਤ ਬਿੱਲ 2026 ਪੇਸ਼ ਕੀਤਾ। ਇਹ ਬਿੱਲ ਵਿੱਤੀ ਸਾਲ 2026-27 ਲਈ ਕੇਂਦਰ ਸਰਕਾਰ ਦੇ ਵਿੱਤੀ ਪ੍ਰਸਤਾਵਾਂ ਨੂੰ ਪ੍ਰਭਾਵੀ ਕਰਨ ਅਤੇ ਲਾਗੂ ਕਰਨ ਲਈ ਪੇਸ਼ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬਿੱਲ ਪੇਸ਼ ਕਰਨ ਤੋਂ ਪਹਿਲਾਂ, ਵਿੱਤ ਮੰਤਰੀ ਨੇ ਆਉਣ ਵਾਲੇ ਵਿੱਤੀ ਸਾਲ ਲਈ ਸਰਕਾਰ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚਿਆਂ ਦਾ ਵੇਰਵਾ ਦਿੰਦੇ ਹੋਏ ਬਜਟ ਭਾਸ਼ਣ ਦਿੱਤਾ ਅਤੇ ਕੇਂਦਰੀ ਬਜਟ ਸਦਨ ਵਿੱਚ ਪੇਸ਼ ਕੀਤਾ। ਨਿਰਮਲਾ ਸੀਤਾਰਮਨ ਦਾ ਇਹ ਬਜਟ ਭਾਸ਼ਣ ਲਗਭਗ 1 ਘੰਟਾ 25 ਮਿੰਟ ਤੱਕ ਚੱਲਿਆ। ਸਦਨ ਦੀ ਕਾਰਵਾਈ ਬਜਟ ਪੇਸ਼ ਕਰਨ ਅਤੇ ਵਿੱਤ ਬਿੱਲ ਪੇਸ਼ ਕੀਤੇ ਜਾਣ ਤੋਂ ਬਾਅਦ,



ਲੋਕ ਸਭਾ ਦੀ ਬੈਠਕ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਸਦਨ ਦੀ ਅਗਲੀ ਕਾਰਵਾਈ ਹੁਣ ਸੋਮਵਾਰ ਸਵੇਰੇ 11 ਵਜੇ ਸ਼ੁਰੂ ਹੋਵੇਗੀ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਨਕਮ ਟੈਕਸ ਨਿਯਮਾਂ ਨੂੰ ਲੈ ਕੇ ਇੱਕ ਅਹਿਮ ਸਪੱਸ਼ਟੀਕਰਨ ਦਿੱਤਾ ਹੈ, ਜਿਸ ਨਾਲ ਟੈਕਸ ਚੋਰੀ ਕਰਨ ਵਾਲਿਆਂ ਦੀਆਂ ਮੁਸ਼ਕਲਾਂ ਵਧਣੀਆਂ ਤੈਅ ਹਨ। ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਜੇਕਰ ਕੋਈ ਟੈਕਸਦਾਤਾ ਜਾਣਬੁੱਝ ਕੇ ਆਪਣੀ ਆਮਦਨ ਨੂੰ ਗਲਤ ਤਰੀਕੇ ਨਾਲ ਪੇਸ਼ ਕਰਦਾ ਹੈ , ਤਾਂ ਉਸ ਨੂੰ ਬਚਣ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਵਿੱਤ ਮੰਤਰੀ ਅਨੁਸਾਰ, ਆਮਦਨ ਨੂੰ ਲੁਕਾਉਣ ਜਾਂ ਗਲਤ ਜਾਣਕਾਰੀ ਦੇਣ 'ਤੇ ਹੁਣ ਟੈਕਸ ਦੀ ਰਕਮ ਦਾ 100% ਜੁਰਮਾਨਾ ਲਗਾਇਆ ਜਾਵੇਗਾ। ਇਸ ਦਾ ਮਤਲਬ ਹੈ ਕਿ ਜੇਕਰ ਤੁਸੀਂ 5 ਲੱਖ ਰੁਪਏ ਦਾ ਟੈਕਸ ਚੋਰੀ ਕੀਤਾ ਹੈ, ਤਾਂ ਤੁਹਾਨੂੰ 5 ਲੱਖ ਟੈਕਸ ਦੇ ਨਾਲ-ਨਾਲ 5 ਲੱਖ ਰੁਪਏ ਹੋਰ ਜੁਰਮਾਨੇ ਵਜੋਂ ਦੇਣੇ ਪੈਣਗੇ। ਪਹਿਲਾਂ ਕਈ ਮਾਮਲਿਆਂ ਵਿੱਚ ਜੁਰਮਾਨੇ ਦੀ ਦਰ ਘੱਟ ਹੁੰਦੀ ਸੀ ਜਾਂ ਅਪੀਲ ਦੀ ਗੁੰਜਾਇਸ਼ ਹੁੰਦੀ ਸੀ, ਪਰ ਹੁਣ 'ਮਿਸ-ਰਿਪੋਰਟਿੰਗ' ਨੂੰ ਗੰਭੀਰ ਅਪਰਾਧ ਮੰਨਿਆ ਜਾਵੇਗਾ।

## ਬਜਟ 2026 ਦੇ ਐਲਾਨ ਮਗਰੋਂ ਸ਼ੇਅਰ ਬਾਜ਼ਾਰ ਨੇ ਲਾਇਆ ਗੋਤਾ, ਨਿਵੇਸ਼ਕਾਂ 'ਚ ਹਾਹਾਕਾਰ

**ਨਵੀਂ ਦਿੱਲੀ, 1 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਵੱਲੋਂ ਅੱਜ ਪੇਸ਼ ਕੀਤੇ ਗਏ ਬਜਟ 2026 ਦੇ ਐਲਾਨਾਂ ਦਾ ਸ਼ੇਅਰ ਬਾਜ਼ਾਰ 'ਤੇ ਬਹੁਤ ਵੱਡਾ ਨਕਾਰਾਤਮਕ ਅਸਰ ਹੋਇਆ ਹੈ। ਟੈਕਸ ਪ੍ਰਣਾਲੀ ਵਿੱਚ ਕੀਤੇ ਗਏ ਬਦਲਾਅ ਅਤੇ ਪੂੰਜੀਗਤ ਲਾਭ ਟੈਕਸ ਸਬੰਧੀ ਉਮੀਦਾਂ ਪੂਰੀਆਂ ਨਾ ਹੋਣ ਕਾਰਨ ਨਿਵੇਸ਼ਕਾਂ ਵਿੱਚ ਭਾਰੀ ਨਿਰਾਸ਼ਾ ਦੇਖੀ ਗਈ, ਜਿਸ ਕਾਰਨ ਬਾਜ਼ਾਰ ਖੁੱਲ੍ਹਦੇ ਹੀ ਹੇਠਾਂ ਵੱਲ ਨੂੰ ਜਾਣ ਲੱਗਾ। ਬਜਟ ਭਾਸ਼ਣ ਦੌਰਾਨ ਸੈਂਸੈਕਸ ਵਿੱਚ 2,000 ਤੋਂ ਵੱਧ ਪੁਆਇੰਟਾਂ ਦੀ ਗਿਰਾਵਟ ਦਰਜ ਕੀਤੀ ਗਈ, ਜਦਕਿ ਨਿਫਟੀ ਵੀ 170 ਪੁਆਇੰਟ ਤੋਂ ਜ਼ਿਆਦਾ ਟੁੱਟ ਕੇ 25,250 ਦੇ ਪੱਧਰ ਦੇ ਨੇੜੇ ਪਹੁੰਚ ਗਿਆ। ਜ਼ਿਕਰਯੋਗ ਹੈ ਕਿ ਇਸ ਬਜਟ ਦੌਰਾਨ ਵਿੱਤ ਮੰਤਰੀ ਨੇ ਨਵੇਂ ਟੈਕਸ ਕਾਨੂੰਨ ਦਾ ਐਲਾਨ ਕੀਤਾ ਹੈ, ਜੋ ਕਿ 1 ਅਪ੍ਰੈਲ 2026 ਤੋਂ ਲਾਗੂ ਹੋਣ ਜਾ ਰਿਹਾ ਹੈ। ਇਸ ਕਾਨੂੰਨ ਨੂੰ ਲੈ ਕੇ ਬਾਜ਼ਾਰ 'ਚ ਅਨਿਸ਼ਚਿਤਤਾ ਦਾ ਮਾਹੌਲ ਹੈ, ਜਿਸ ਕਾਰਨ ਨਿਵੇਸ਼ਕਾਂ 'ਚ ਚਿੰਤਾ ਦੇਖੀ ਜਾ ਰਹੀ ਹੈ ਤੇ ਇਸੇ ਕਾਰਨ ਸ਼ੇਅਰ ਬਾਜ਼ਾਰ ਮਿੰਟਾਂ 'ਚ ਧੜੰਮ ਜਾ ਡਿੱਗਾ। ਹਾਲਾਂਕਿ ਕੁਝ ਦੇਰ ਬਾਅਦ ਹੀ ਮਾਰਕੀਟ ਨੇ ਕੁਝ ਹੱਦ ਤੱਕ ਭਰਪਾਈ ਕੀਤੀ, ਪਰ ਹਾਲੇ ਵੀ ਸੈਂਸੈਕਸ ਅੱਜ 1,000, ਜਦਕਿ ਨਿਫਟੀ 343 ਪੁਆਇੰਟ ਹੇਠਾਂ ਚੱਲ ਰਿਹਾ ਹੈ।

ਬਜਟ ਪੇਸ਼ ਕੀਤੇ ਜਾਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਬਜਟ ਨੂੰ ਇਤਿਹਾਸਕ ਦੱਸਿਆ ਤੇ ਇਸ ਦੀ ਤਾਰੀਫ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਬਜਟ ਇਤਿਹਾਸਕ ਹੈ ਤੇ ਸਾਲ 2047 ਤੱਕ ਦੇਸ਼ ਨੂੰ ਵਿਕਸਿਤ ਭਾਰਤ ਬਣਾਉਣ ਵੱਲ ਇਕ ਵੱਡਾ ਕਦਮ ਹੈ। ਉਨ੍ਹਾਂ ਨੇ ਇਸ ਦੌਰਾਨ ਮਹਿਲਾ ਸਸ਼ਕਤੀਕਰਨ ਦੀ ਵੀ ਤਾਰੀਫ਼ ਕੀਤੀ ਤੇ ਕਿਹਾ ਕਿ ਦੇਸ਼ ਦੀ ਮਹਿਲਾ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲਗਾਤਾਰ 9ਵੀਂ ਵਾਰ ਦੇਸ਼ ਦਾ ਬਜਟ ਪੇਸ਼ ਕਰ ਕੇ ਇਤਿਹਾਸ ਰਚ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਬਜਟ ਦਾ ਫੋਕਸ ਮਹਿੰਗਾਈ ਨੂੰ ਕਾਬੂ ਕਰਨ ਅਤੇ ਦੇਸ਼ ਦੀ ਵਿਕਾਸ ਦਰ ਨੂੰ ਹੋਰ ਤੇਜ਼ ਕਰਨ 'ਤੇ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ 140 ਕਰੋੜ ਭਾਰਤੀ ਨਾਗਰਿਕਾਂ ਵਾਲਾ ਦੇਸ਼ ਦੁਨੀਆ ਦਾ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀ ਅਰਥਵਿਵਸਥਾ ਹੈ। ਇਸ ਤੋਂ ਇਲਾਵਾ ਭਾਰਤ ਹੁਣ ਇਕ ਵਿਸ਼ਵਾਸਯੋਗ ਭਾਈਵਾਲ ਦੇ ਰੂਪ 'ਚ ਅੱਗੇ ਵਧ ਰਿਹਾ ਹੈ।




## ਕੇਂਦਰ ਸਰਕਾਰ ਨੇ ਬਜਟ ਵਿਚ ਪੰਜਾਬ ਨੂੰ ਪੂਰੀ ਤਰ੍ਹਾਂ ਵਿਸਾਰਿਆ : ਪ੍ਰਤਾਪ ਬਾਜਵਾ

**ਚੰਡੀਗੜ੍ਹ, 1 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਾਂਗਰਸੀ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕੇਂਦਰੀ ਬਜਟ 2026-27 ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਪੰਜਾਬ ਲਈ ਬੇਹੱਦ ਨਿਰਾਸ਼ਾਜਨਕ ਹੈ ਅਤੇ ਇਸ ਨੇ ਸਾਬਤ ਕਰ ਦਿੱਤਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਹੈ। ਬਾਜਵਾ ਨੇ ਬਜਟ ਦੀਆਂ ਕਮੀਆਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦਾ ਢਿੱਡ ਭਰਨ ਵਾਲੇ 'ਅੰਨਦਾਤਾ' ਕਿਸਾਨਾਂ ਲਈ ਬਜਟ ਵਿਚ ਕੋਈ ਰਾਹਤ ਨਹੀਂ ਦਿੱਤੀ ਗਈ। ਨੌਜਵਾਨਾਂ ਲਈ ਰੁਜ਼ਗਾਰ ਦਾ ਕੋਈ ਸਪੱਸ਼ਟ ਰੋਡਮੈਪ ਤਿਆਰ ਨਹੀਂ ਕੀਤਾ ਗਿਆ, ਜਿਸ ਕਾਰਨ ਨੌਜਵਾਨ ਵਰਗ ਵਿਚ ਭਾਰੀ ਨਿਰਾਸ਼ਾ ਹੈ। ਬਜਟ ਵਿੱਚ ਨਾ ਤਾਂ ਉਦਯੋਗਾਂ ਲਈ ਕੋਈ ਵਿਸ਼ੇਸ਼ ਯੋਜਨਾ ਹੈ ਅਤੇ ਨਾ ਹੀ ਸ਼ਹਿਰਾਂ ਦੇ ਵਿਕਾਸ ਲਈ ਕੋਈ ਖਾਕਾ ਤਿਆਰ ਕੀਤਾ ਗਿਆ ਹੈ। ਪ੍ਰਤਾਪ ਸਿੰਘ ਬਾਜਵਾ ਨੇ ਭਾਜਪਾ ਸਰਕਾਰ ਦੇ 12 ਸਾਲਾਂ ਦੇ ਕਾਰਜਕਾਲ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇੰਨੇ ਲੰਬੇ ਸਮੇਂ ਬਾਅਦ ਵੀ ਪੰਜਾਬ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਲੱਭਿਆ ਗਿਆ। ਉਨ੍ਹਾਂ ਮੁਤਾਬਕ, ਸਰਕਾਰ ਸਿਰਫ਼ 'ਸੁਧਾਰਾਂ' ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ ਪਰ ਜ਼ਮੀਨੀ ਹਕੀਕਤ ਵਿਚ ਕੋਈ ਬਦਲਾਅ ਨਹੀਂ ਆਇਆ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਕੋਲ ਨਾ ਤਾਂ ਕੋਈ ਵਿਜ਼ਨ ਹੈ ਅਤੇ ਨਾ ਹੀ ਕੰਮ ਕਰਨ ਦੀ ਇੱਛਾ ਸ਼ਕਤੀ। ਬਾਜਵਾ ਅਨੁਸਾਰ ਹੁਣ ਸਰਕਾਰ ਕੋਲ ਇਸ ਅਣਦੇਖੀ ਨੂੰ ਸਹੀ ਠਹਿਰਾਉਣ ਲਈ ਕੋਈ ਨਾਅਰਾ ਵੀ ਬਾਕੀ ਨਹੀਂ ਬਚਿਆ ਹੈ।

## ਪਾਕਿ ਗੈਂਗਸਟਰ ਸ਼ਹਿਜ਼ਾਦ ਭੱਟੀ 'ਤੇ ਹਮਲਾ, ਲਾਰੈਂਸ ਗੈਂਗ ਨੇ ਲਈ ਜ਼ਿੰਮੇਵਾਰੀ, ਕਿਹਾ - ਦੁਨੀਆ ਦੇ ਹਰ ਕੋਨੇ 'ਚ ਮਰਵਾ ਦਿਆਂਗੇ...

**ਜਲੰਧਰ, 1 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ 'ਤੇ ਹਮਲੇ ਦੀ ਖ਼ਬਰ ਸਾਹਮਣੇ ਆਈ ਹੈ। ਹਮਲੇ ਬਾਰੇ ਲਾਰੈਂਸ ਬਿਸ਼ਨੋਈ ਗੈਂਗ ਨੇ ਜ਼ਿੰਮੇਵਾਰੀ ਲੈਂਦਿਆਂ ਪਾਕਿਸਤਾਨੀ ਗੈਂਗਸਟਰ ਨੂੰ ਮਾਰਨ ਦੀ ਧਮਕੀ ਵੀ ਦਿੱਤੀ ਹੈ, ਜਿਸ ਸਬੰਧੀ ਇੱਕ ਪੋਸਟ ਸਾਂਝੀ ਕੀਤੀ ਗਈ ਹੈ। ('ਆਵਾਜ਼ਿ ਕੌਮ' ਪੋਸਟ ਦੇ ਪੁਖਤਾ ਹੋਣ ਦੀ ਜ਼ਿੰਮੇਵਾਰੀ ਨਹੀਂ ਲੈਂਦਾ) ਦੱਸ ਦਈਏ ਕਿ ਸ਼ਹਿਜ਼ਾਦ ਭੱਟੀ, ਉਹੀ ਗੈਂਗਸਟਰ ਹੈ ਜਿਸਨੇ ਅਨਮੋਲ ਬਿਸ਼ਨੋਈ ਅਤੇ ਲਾਰੈਂਸ ਬਿਸ਼ਨੋਈ ਨੂੰ ਖੁੱਲ੍ਹੇਆਮ ਮਾਰਨ ਦੀ ਧਮਕੀ ਦਿੱਤੀ ਸੀ। ਰਿਪੋਰਟਾਂ ਅਨੁਸਾਰ, ਲਾਰੈਂਸ ਦੇ ਗੈਂਗ ਨੇ ਸ਼ਹਿਜ਼ਾਦ ਭੱਟੀ ਨੂੰ ਪੁਰਤਗਾਲ ਤੱਕ ਟਰੈਕ ਕੀਤਾ ਅਤੇ ਉੱਥੇ ਉਸ 'ਤੇ ਹਮਲਾ ਕੀਤਾ। ਰਣਦੀਪ ਮਲਿਕ ਨਾਮ ਹੇਠ ਇੱਕ ਸੋਸ਼ਲ ਮੀਡੀਆ ਅਕਾਊਂਟ ਦੀ ਪੋਸਟ 'ਚ ਦਾਅਵਾ ਕੀਤਾ ਗਿਆ ਹੈ, "ਸ਼ਹਿਜ਼ਾਦ ਭੱਟੀ 'ਤੇ ਇਹ ਹਮਲਾ ਮੇਰੇ ਰਣਦੀਪ ਮਲਿਕ ਅਤੇ ਅਨਿਲ ਪੰਡਿਤ (ਅਮਰੀਕਾ) ਵੱਲੋਂ ਕਰਵਾਇਆ ਗਿਆ ਹੈ, ਜਿਹੜਾ ਵੀ ਸਾਡੇ ਦੇਸ਼ ਅਤੇ ਭਾਈ ਲਾਰੈਂਸ ਦੇ ਵਿਰੁੱਧ ਬੋਲੇ, ਉਸ ਦੀ ਆਵਾਜ਼ ਇਸ ਤਰ੍ਹਾਂ ਹੀ ਬੰਦ ਕਰਵਾਉਣ ਦੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਕੋਈ ਵੀ ਕਿਤੇ ਵੀ ਤੇ ਦੁਨੀਆ ਦੇ ਕਿਸੇ ਵੀ ਕੋਨੇ 'ਚ ਲੁਕ ਜਾਵੇ, ਉਸ ਨੂੰ ਵੀ ਮਰਵਾ ਦੇਵਾਂਗੇ।"

**ਰਹੱਸਮਈ ਹਾਲਾਤਾਂ 'ਚ "ਭੱਟੀ" ਮਾਮਲਾ ਗਰਮਾਇਆ - ਜ਼ਿੰਦਾ ਹੋਣ ਜਾਂ ਮਾਰੇ ਜਾਣ ਬਾਰੇ ਅਟਕਲਾਂ ਤੇਜ਼** : ਇਲਾਕੇ ਵਿੱਚ "ਭੱਟੀ" ਨਾਲ ਜੁੜੇ ਮਾਮਲੇ ਨੇ ਅਚਾਨਕ ਤਣਾਅ ਪੈਦਾ ਕਰ ਦਿੱਤਾ ਹੈ। ਸੋਸ਼ਲ ਮੀਡੀਆ ਅਤੇ ਸਥਾਨਕ ਗੱਲਬਾਤਾਂ ਵਿੱਚ ਇਹ ਦਾਅਵੇ ਤੇ ਅਫਵਾਹਾਂ ਚੱਲ ਰਹੀਆਂ ਹਨ ਕਿ ਭੱਟੀ ਉੱਤੇ ਹਮਲਾ ਹੋਇਆ ਹੈ। ਕੁਝ ਲੋਕ ਕਹਿ ਰਹੇ ਹਨ ਕਿ ਉਹ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਦਾਖ਼ਲ ਹੈ, ਜਦਕਿ ਹੋਰਾਂ ਵੱਲੋਂ ਮੌਤ ਦੀਆਂ ਗੱਲਾਂ ਵੀ ਕੀਤੀਆਂ ਜਾ ਰਹੀਆਂ ਹਨ। ਹਾਲਾਂਕਿ ਅਜੇ ਤੱਕ ਕਿਸੇ ਸਰਕਾਰੀ ਏਜੰਸੀ ਵੱਲੋਂ ਇਸ ਬਾਰੇ ਪੱਕੀ ਪੁਸ਼ਟੀ ਨਹੀਂ ਕੀਤੀ ਗਈ। ਸਥਾਨਕ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਕੀਕਤ ਸਾਹਮਣੇ ਲਿਆਉਣ ਲਈ ਟੀਮਾਂ ਤੈਨਾਤ ਹਨ। ਪੁਲਿਸ ਮੁਤਾਬਕ, "ਅਫਵਾਹਾਂ 'ਤੇ ਵਿਸ਼ਵਾਸ ਨਾ ਕੀਤਾ ਜਾਵੇ। ਸੱਚਾਈ ਦੀ ਪੁਸ਼ਟੀ ਲਈ ਸਬੂਤ ਇਕੱਠੇ ਕੀਤੇ ਜਾ ਰਹੇ ਹਨ।" ਇਸ ਦੇ ਨਾਲ ਹੀ "ਭੱਟੀ ਦੀ ਸਕੀਮ ਕਿਸਨੇ ਲਾਈ?" ਵਾਲਾ ਸਵਾਲ ਵੀ ਚਰਚਾ ਵਿੱਚ ਹੈ। ਸੂਤਰਾਂ ਅਨੁਸਾਰ ਇਹ ਮਾਮਲਾ ਪੁਰਾਣੀ ਰੰਜਿਸ਼, ਵਪਾਰਕ ਵਿਵਾਦ ਜਾਂ ਨਿੱਜੀ ਟਕਰਾਅ ਨਾਲ ਜੁੜਿਆ ਹੋ ਸਕਦਾ ਹੈ, ਪਰ ਅਧਿਕਾਰਕ ਤੌਰ 'ਤੇ ਅਜੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਹਸਪਤਾਲ ਸਰੋਤਾਂ ਵੱਲੋਂ ਵੀ ਇਸ ਮਾਮਲੇ 'ਤੇ ਸਪਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ। ਪਰਿਵਾਰਕ ਮੈਂਬਰਾਂ ਨੇ ਮੀਡੀਆ ਨਾਲ ਗੱਲ ਕਰਨ ਤੋਂ ਇਨਕਾਰ ਕੀਤਾ ਹੈ ਅਤੇ ਗੋਪਨੀਯਤਾ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਇਲਾਕੇ ਦੇ ਲੋਕਾਂ ਵਿੱਚ ਚਿੰਤਾ ਦਾ ਮਾਹੌਲ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਸੋਸ਼ਲ ਮੀਡੀਆ 'ਤੇ ਵੱਖ-ਵੱਖ ਦਾਅਵੇ ਕਰ ਰਹੇ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਫਵਾਹਾਂ ਫੈਲਾਉਣ ਤੋਂ ਗੁਰੇਜ਼ ਕਰਨ ਅਤੇ ਸਿਰਫ਼ ਅਧਿਕਾਰਕ ਜਾਣਕਾਰੀ 'ਤੇ ਹੀ ਭਰੋਸਾ ਕਰਨ। ਜਾਂਚ ਅਧਿਕਾਰੀਆਂ ਨੇ ਕਿਹਾ ਹੈ ਕਿ ਸੀਸੀਟੀਵੀ ਫੁਟੇਜ, ਕਾਲ ਰਿਕਾਰਡ ਅਤੇ ਹੋਰ ਤਕਨੀਕੀ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਸ਼ੱਕੀ ਲੋਕਾਂ ਨਾਲ ਪੁੱਛਗਿੱਛ ਜਾਰੀ ਹੈ ਅਤੇ ਜਲਦੀ ਹੀ ਮਾਮਲੇ ਦੀ ਅਸਲ ਤਸਵੀਰ ਸਾਹਮਣੇ ਆ ਸਕਦੀ ਹੈ।

## ਡੇਰਾ ਸੱਚਖੰਡ ਬੱਲਾਂ ਪਹੁੰਚੇ ਪ੍ਰਧਾਨ ਮੰਤਰੀ ਮੋਦੀ ,ਆਦਮਪੁਰ ਹਵਾਈ ਅੱਡੇ ਦਾ ਬਦਲਿਆ ਨਾਮ , ਹਲਵਾਰਾ ਹਵਾਈ ਅੱਡੇ ਦਾ ਕੀਤਾ ਉਦਘਾਟਨ

**ਜਲੰਧਰ, 1 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਏ ਹਨ। ਇਸ ਮੌਕੇ ਉਨ੍ਹਾਂ ਨੇ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਜੀ ਮਹਾਰਾਜ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸਾਰੀ ਰਵਿਦਾਸ ਨਾਮਲੇਵਾ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਇਸ ਦੌਰਾਨ ਉਹ ਸ਼ਰਧਾਲੂਆਂ ਨੂੰ ਸੰਬੋਧਨ ਕਰਨਗੇ। ਪ੍ਰਧਾਨ ਮੰਤਰੀ ਨੇ ਪੰਜਾਬ ਨੂੰ ਦਿੱਤੇ 2 ਮਹੱਤਵਪੂਰਨ ਤੋਹਫ਼ੇ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਿੱਲੀ ਤੋਂ ਜਲੰਧਰ ਦੇ ਆਦਮਪੁਰ ਹਵਾਈ ਅੱਡੇ 'ਤੇ ਪਹੁੰਚੇ ਸਨ,



ਜਿੱਥੇ ਉਨ੍ਹਾਂ ਨੇ ਆਦਮਪੁਰ ਹਵਾਈ ਅੱਡੇ ਦਾ ਨਾਮ ਬਦਲ ਕੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ ਆਦਮਪੁਰ ਰੱਖਣ ਦਾ ਉਦਘਾਟਨ ਕੀਤਾ। ਫਿਰ ਉਨ੍ਹਾਂ ਨੇ ਲੁਧਿਆਣਾ ਦੇ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਨਵੇਂ ਟਰਮੀਨਲ ਦਾ ਵਰਚੁਅਲੀ ਉਦਘਾਟਨ ਕੀਤਾ ਹੈ। ਹਲਵਾਰਾ ਏਅਰਪੋਰਟ ਦੇ ਉਦਘਾਟਨੀ ਰਸਮ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਵਨੀਤ ਸਿੰਘ ਬਿੱਟੂ ਨੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਸ਼੍ਰੀ ਕਿੰਜਾਰਾਪੂ ਰਾਮ ਮੋਹਨ ਨਾਇਡੂ, ਸ਼੍ਰੀ ਮੁਰਲੀਧਰ ਮੋਹਲ ਕੇਂਦਰੀ ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਦਾ ਸਵਾਗਤ ਕੀਤਾ । ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਆਖਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੁਧਿਆਣਾ ਵਾਸੀਆਂ ਨੂੰ ਕੀਮਤੀ ਸੌਗਾਤ ਦਿੱਤੀ ਹੈ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਹਲਵਾਰਾ ਹਵਾਈ ਅੱਡੇ 'ਤੇ ਕਿਹਾ, "ਅੱਜ ਕੇਂਦਰ ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਦਿਹਾੜੇ 'ਤੇ ਬਜਟ ਪੇਸ਼ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਮੇਸ਼ਾ ਵਾਰਾਣਸੀ ਵਿੱਚ ਗੁਰੂ ਮਹਾਰਾਜ ਦਾ ਦਿਵਸ ਮਨਾਉਂਦੇ ਸਨ ਪਰ ਇਸ ਵਾਰ ਉਹ ਪੰਜਾਬ ਦੇ ਡੇਰਾ ਸੱਚਖੰਡ ਬੱਲਾਂ ਆਏ। ਆਦਮਪੁਰ ਹਵਾਈ ਅੱਡੇ ਦਾ ਨਾਮ ਸ਼੍ਰੀ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਰੱਖਿਆ ਗਿਆ ਹੈ।" ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ "ਮੇਰਾ, ਸ਼੍ਰੀ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਨਾਲ ਡੂੰਘਾ ਨਾਤਾ ਹੈ। ਮੈਂ ਪੰਜਾਬ ਦੀ ਧਰਤੀ ਨੂੰ ਨਮਨ ਕਰਦਾ ਹਾਂ।" ਇਹ ਵਿਚਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਲੰਧਰ ਵਿੱਚ ਰਵਿਦਾਸੀਆ ਭਾਈਚਾਰੇ ਦੇ ਸਭ ਤੋਂ ਵੱਡੇ ਧਾਰਮਿਕ ਸਥਾਨ ਡੇਰਾ ਸੱਚਖੰਡ ਬੱਲਾਂ ਦਾ ਦੌਰਾ ਕਰਨ ਦੌਰਾਨ ਕੀਤਾ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਡੇਰੇ ਦੇ ਸੰਤ ਨਿਰੰਜਣ ਦਾਸ ਦੇ ਪੈਰ ਛੂਹੇ ਅਤੇ ਸ਼ਰਧਾਲੂਆਂ ਨੂੰ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ 33 ਮਿੰਟ ਲਈ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਕਾਸ਼ੀ (ਵਾਰਾਣਸੀ), ਮੱਧ ਪ੍ਰਦੇਸ਼ ਅਤੇ ਪੰਜਾਬ ਵਿੱਚ ਸੰਤ ਰਵਿਦਾਸ ਦੀ ਸੇਵਾ ਕਰਨ ਦੀ ਜ਼ਰੂਰਤ ਨੂੰ ਦੁਹਰਾਇਆ। ਰਵਿਦਾਸੀਆ ਭਾਈਚਾਰੇ ਦੇ ਨਾਲ, ਉਨ੍ਹਾਂ ਨੇ ਵਾਲਮੀਕਿ ਭਾਈਚਾਰੇ ਨੂੰ ਵੀ ਖੁਸ਼ ਕੀਤਾ। ਉਨ੍ਹਾਂ ਨੇ ਅਯੁੱਧਿਆ ਦੇ ਹਵਾਈ ਅੱਡੇ ਦਾ ਨਾਮ ਮਹਾਰਿਸ਼ੀ ਵਾਲਮੀਕਿ ਦੇ ਨਾਮ 'ਤੇ ਰੱਖਣ ਦੀ ਗੱਲ ਕਹੀ।

## ਨੰਨੇ ਬੱਚੇ ਨੇ ਰਚਿਆ ਇਤਿਹਾਸ, ਇੰਡੀਆ ਰਿਕਾਰਡ ਬੁੱਕ 'ਚ ਦਰਜ ਹੋਇਆ ਨਾਮ

**ਗੁਰਦਾਸਪੁਰ, 1 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਗੁਰਦਾਸਪੁਰ ਜ਼ਿਲ੍ਹੇ ਲਈ ਇਹ ਬੇਹੱਦ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਇਕ ਨੰਨੇ ਬੱਚੇ ਕਰਮਨਬੀਰ ਸਿੰਘ ਵਾਸੀ ਨਗਰ ਸੁਧਾਰ ਟਰੱਸਟ ਸਕੀਮ ਨੰਬਰ 1 ਕਲੋਨੀ ਗੁਰਦਾਸਪੁਰ ਨੇ ਆਪਣੀ ਅਦਭੁੱਤ ਯਾਦਸ਼ਕਤੀ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੇਵਲ 3 ਮਿੰਟ 35 ਸਕਿੰਟ ਵਿੱਚ ਦੁਨੀਆ ਦੇ 195 ਦੇਸ਼ਾਂ ਦੇ ਨਾਮ ਬਿਨਾਂ ਕਿਸੇ ਗਲਤੀ ਦੇ ਬੋਲ ਕੇ ਇੱਕ



ਵਿਲੱਖਣ ਰਿਕਾਰਡ ਕਾਇਮ ਕਰ ਦਿੱਤਾ। ਇਸ ਸ਼ਾਨਦਾਰ ਕਾਰਨਾਮੇ ਨਾਲ ਬੱਚੇ ਦਾ ਨਾਮ ਇੰਡੀਆ ਰਿਕਾਰਡ ਬੁੱਕ ਵਿੱਚ ਦਰਜ ਕਰ ਲਿਆ ਗਿਆ ਹੈ। ਨੰਨੀ ਉਮਰ ਵਿੱਚ ਕੀਤੀ ਗਈ ਇਸ ਵੱਡੀ ਉਪਲਬਧੀ ਨਾਲ ਨਾ ਸਿਰਫ਼ ਬੱਚੇ ਦੇ ਪਰਿਵਾਰ ਵਿੱਚ, ਸਗੋਂ ਪੂਰੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਦੱਸਣਯੋਗ ਹੈ ਕਿ ਕਰਮਨਬੀਰ ਸਿੰਘ ਦੀ ਉਮਰ 7 ਸਾਲ ਹੈ ਜੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਤੈਨਾਤ ਸਹਾਇਕ ਪ੍ਰੋਫੈਸਰ ਡਾ. ਤੇਜਬੀਰ ਸਿੰਘ ਅਤੇ ਡਾ. ਨਿਧੀ ਦਾ ਸਪੁੱਤਰ ਹੈ। ਕਰਮਨਬੀਰ ਸਿੰਘ ਜੀਆ ਲਾਲ ਮਿੱਤਲ ਡੀਏਵੀ ਸਕੂਲ ਗੁਰਦਾਸਪੁਰ ਵਿਖੇ ਦੂਸਰੀ ਜਮਾਤ ਦਾ ਵਿਦਿਆਰਥੀ ਹੈ ਜਿਸ ਦੀ ਇਸ ਪ੍ਰਾਪਤੀ ਲਈ ਸ਼ਹਿਰ ਵਾਸੀਆਂ, ਸਮਾਜਿਕ ਸੰਸਥਾਵਾਂ, ਸਿੱਖਿਆ ਅਤੇ ਬੁੱਧੀਜੀਵੀ ਵਰਗ ਵੱਲੋਂ ਬੱਚੇ ਦੀ ਇਸ ਕਾਬਿਲ-ਏ-ਤਾਰੀਫ਼ ਉਪਲਬਧੀ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਨੰਨੇ ਬੱਚੇ ਦੀ ਕਾਮਯਾਬੀ ਨੇ ਸਾਬਤ ਕਰ ਦਿੱਤਾ ਹੈ ਕਿ ਸਹੀ ਮਾਰਗਦਰਸ਼ਨ, ਪਰਿਵਾਰਕ ਸਹਿਯੋਗ ਅਤੇ ਲਗਨ ਨਾਲ ਛੋਟੀ ਉਮਰ ਵਿੱਚ ਵੀ ਵੱਡੇ ਮੁਕਾਮ ਹਾਸਲ ਕੀਤੇ ਜਾ ਸਕਦੇ ਹਨ। ਇਹ ਉਪਲਬਧੀ ਨਾ ਸਿਰਫ਼ ਬੱਚਿਆਂ ਲਈ, ਸਗੋਂ ਪੂਰੇ ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਇੱਕ ਵੱਡੀ ਪ੍ਰੇਰਣਾ ਹੈ। ਇਸ ਮੌਕੇ 'ਤੇ ਬੱਚੇ ਦੇ ਪਰਿਵਾਰਕ ਮੈਂਬਰਾਂ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਦੱਸਿਆ ਕਿ ਬੱਚੇ ਨੂੰ ਪੜ੍ਹਾਈ ਅਤੇ ਯਾਦਸ਼ਕਤੀ ਵਧਾਉਣ ਵਾਲੀਆਂ ਗਤੀਵਿਧੀਆਂ ਵੱਲ ਹਮੇਸ਼ਾ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਉਸ ਦੇ ਮਾਤਾ-ਪਿਤਾ ਨੇ ਕਿਹਾ ਕਿ ਇਹ ਸਫਲਤਾ ਬੱਚੇ ਦੀ ਮਿਹਨਤ ਅਤੇ ਸਾਰੇ ਪਰਿਵਾਰ ਦੇ ਸਹਿਯੋਗ ਦਾ ਨਤੀਜਾ ਹੈ।

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ (ਸ਼.ਭ.ਸ.ਨਗਰ)

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

**ਧੰਨ ਧੰਨ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# 28ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ

ਆਵਾਜ਼ਿ ਕੌਮ AWAZE QAUM International Newspaper & WEB TV

ਮਿਤੀ : 11 ਫਰਵਰੀ 2026, ਦਿਨ ਬੁੱਧਵਾਰ ।

ਸਹਾਇਤਾ ਵੰਡ ਸਮਾਗਮ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : ਗਰਾਂਊਂਡ ਮਿਡਲ ਸਕੂਲ, ਪਿੰਡ ਐਮਾਂ ਜੱਟਾਂ, ਜ਼ਿਲਾ ਹੁਸ਼ਿਆਰਪੁਰ ਵਿਖੇ ।

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਯੋਗੀ ਦੇਵੀ ਨਾਥ ਐਮਾਂ ਜੱਟਾਂ ।

ਮੁੱਖ ਮਹਿਮਾਨ : ਸ: ਜਗਤਾਰ ਸਿੰਘ ਸਟੇਟ ਟੈਕਸ ਅਫ਼ਸਰ ਹੁਸ਼ਿਆਰਪੁਰ ।

ਵਿਸ਼ੇਸ਼ ਮਹਿਮਾਨ:
ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਯੂਨੀਕ ਹੋਮ, ਭਾਈ ਘੱਨਈਆ ਜੀ ਚੈਰੀਟੇਬਲ ਟਰੱਸਟ ਜਲੰਧਰ ।
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ
ਸ਼੍ਰੀ ਯੋਗ ਰਾਜ ਮੈਰਾ, ਡਾਇਰੈਕਟਰ ਫਾਈਨਾਂਸੀਅਲ ਐਡਵਾਈਜ਼ਰ ਡਿਪਾਰਟਮੈਂਟ ਆਫ ਪੋਸਟ ਮਨੀਸੀਟਰੀ ਆਫ ਕੁਮਿਨੀਕੇਸ਼ਨ ਭਾਰਤ ਸਰਕਾਰ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ SGPC ਅੰਮ੍ਰਿਤਸਰ, ਸ: ਦਲਜੀਤ ਸਿੰਘ ਖੱਖ, ਡੀ.ਐਸ.ਪੀ, ਗੜ੍ਹਸ਼ੰਕਰ।
ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਅਤੇ ਬੀ.ਡੀ.ਸੀ. ਨਵਾਂਸ਼ਹਿਰ ।
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਹਰਸੇਵਾ ਮੈਡੀਕਲ ਟਰੱਸਟ, ਯੂ.ਕੇ. ਮੋਰਾਂਵਾਲੀ ।, ਗ੍ਰੀਨ ਵਿਲੇਜ਼ ਸੁਸਾਇਟੀ, ਬੀਣੇਵਾਲ ।
ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਗੜ੍ਹਸ਼ੰਕਰ ।
ਮਾਤਾ ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ, ਭੂੰਗਰਨੀ, ਹੁਸ਼ਿਆਰਪੁਰ।
ਲੈਕ: ਰਜਿੰਦਰ ਕੁਮਾਰ ਸ਼ਰਮਾ, ਬੰਗਾ।, ਸਮਾਜ ਭਲਾਈ ਸਵੈ-ਸੇਵੀ ਸੰਸਥਾ, ਪਿੰਡ ਸੁੱਜੋਂ ।
ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁਲਪੁਰ, ਨਵਾਂਗਰਾ ।
ਸ: ਜਤਿੰਦਰ ਸਿੰਘ ਲਾਡੀ ਸਭ ਦਾ ਭਲਾ ਚੈਰੀਟੇਬਲ ਹਸਪਤਾਲ, ਸ਼ਿਕਾਰ ਮਾਛੀਆਂ (ਗੁਰਦਾਸਪੁਰ)
ਰਵਿੰਦਰ ਕੌਰ ਕਨੇਡਾ ਐਮਾਂ ਜੱਟਾਂ, ਸੁਰਿੰਦਰ ਸਿੰਘ ਯੂ.ਕੇ. ਐਮਾਂ ਜੱਟਾਂ,
ਡਾ: ਪਰਮਿੰਦਰ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਸਲਾ ਕਾਲਜ, ਮਾਹਿਲਪੁਰ ।
ਡਾ: ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਬੰਗਾ ।

ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦਾ ਲੰਗਰ ਲਗਾਇਆ ਜਾਵੇਗਾ ।

ਲਾਈਵ ਚੈਨਲ ਮਿਸਟਰ ਸਿੰਘ ਪ੍ਰੋਡੈਕਸ਼ਨ ਟੀ.ਵੀ. ਚੈਨਲ ਤੇ ਲਾਈਵ ਹੋਵੇਗਾ ।

ਸਨਮਾਨਿਤ ਸਖ਼ਸ਼ੀਅਤਾਂ ਅਤੇ ਸੰਸਥਾਵਾਂ
ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ ।
ਸ: ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ।
ਡਾ: ਕਸ਼ਮੀਰ ਚੰਦ ਐਮ.ਐਸ. ਪੀ.ਸੀ.ਐਮ.ਐਸ.-1, ਸਰਜੀਕਲ ਸਪੈਸ਼ਲਿਸਟ, ਐਮ.ਜੇ. ਲਾਈਫ ਹਸਪਤਾਲ, ਬੰਗਾ
ਡਾ: ਨਿਰਮਲ ਕੁਮਾਰ, ਐਸ.ਐਮ.ਓ. ਸੀ.ਐਚ.ਸੀ. ਬੀਣੇਵਾਲ, ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ।
ਰਿਟਾਇਰ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।
ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

**ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ ।**

ਅਜ਼ਾਦ ਰੰਗਮੰਚ ਰਜਿ: ਕਲਾ ਭਵਨ ਫਗਵਾੜਾ ਵਲੋਂ ਬੀਬੀ ਕੁਲਵੰਤ ਦੇ ਨਿਰਦੇਸ਼ਨਾ ਤਹਿਤ "ਗੁਰੂ ਤੇਗ ਬਹਾਦਰ ਬੋਲਿਆ" ਨਾਟਕ ਪੇਸ਼ ਕੀਤਾ ਜਾਵੇਗਾ ।

ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।

ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ,
ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਐਮਾਂ ਜੱਟਾਂ (ਹੁਸ਼ਿਆਰਪੁਰ)
ਮੋਬਾ: 98153-48143, 98140-23547

ਛਾਪਕ : ਸੱਲ੍ਹਣ ਪ੍ਰਿੰਟਿੰਗ ਪ੍ਰੈਸ, ਬੰਗਾ # 94646-34793, 98159-01698

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243





ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲ਼ਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

## ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★







0784 102 9416



SANJHA PUNJAB

VEG & NON-VEG INDIAN

TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

SANJHA PUNJAB

VEG & NON-VEG INDIAN

0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008
Contact :
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'





# ‘ਰਾਹਤ ਤੋਂ ਵਿਕਾਸ ਤੇ ਹੱਕਦਾਰੀ ਤੋਂ ਨਤੀਜਿਆਂ ਵੱਲ: ਮਨਰੇਗਾ ਬਨਾਮ ਵੀਬੀਜੀਰਾਮ-ਜੀ’

**ਮਨਰੇਗਾ ਦੇ ਦੋ ਦਹਾਕਿਆਂ ਦੇ ਤਜਰਬੇ ਨੇ ਦਿਖਾ ਦਿੱਤਾ ਹੈ ਕਿ ਕਾਗ਼ਜ਼ੀ ਹੱਕਦਾਰੀ ਆਪਣੇ ਆਪ ਵਿੱਚ ਸਸ਼ਕਤੀਕਰਨ ਨਹੀਂ ਬਣਦੀ। ਵੀਬੀਜੀਰਾਮ-ਜੀ ਗ੍ਰਾਮੀਣ ਰੋਜ਼ਗਾਰ ਨੂੰ ਰਾਹਤਕਾਰੀ ਮਾਡਲ ਤੋਂ ਬਾਹਰ ਕੱਢ ਕੇ ਅਜੀਵਿਕਾ, ਹੁਨਰ ਅਤੇ ਨਤੀਜਾ-ਕੇਂਦਰਿਤ ਵਿਕਾਸ ਨਾਲ ਜੋੜਨ ਦੀ ਸਾਰਥਿਕ ਕੋਸ਼ਿਸ਼ ਹੈ।( ਪ੍ਰੋ. ਸਰਚਾਂਦ ਸਿੰਘ ਖਿਆਲਾ)**

---------

ਕਿਸੇ ਵੀ ਸਰਕਾਰੀ ਨੀਤੀ ਦਾ ਮੁਲਾਂਕਣ ਭਾਵਨਾਵਾਂ, ਪੁਰਾਣੀਆਂ ਰਾਜਨੀਤਕ ਯਾਦਾਂ ਜਾਂ ਪ੍ਰਤੀਕਾਤਮਿਕ ਨਾਅਰਿਆਂ ਦੇ ਆਧਾਰ ’ਤੇ ਨਹੀਂ, ਸਗੋਂ ਉਸ ਦੇ ਅਸਲ ਨਤੀਜਿਆਂ ਦੇ ਆਧਾਰ ’ਤੇ ਕੀਤਾ ਜਾਣਾ ਚਾਹੀਦਾ ਹੈ। ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਰੰਟੀ ਐਕਟ

ਆਵਾਜ਼ਿ ਕੌਮ AWAZE QAUM
International Newspaper & WEB TV

(ਮਨਰੇਗਾ) ਨੂੰ ਵਿਕਸਿਤ ਭਾਰਤ ਗਰੰਟੀ ਫੋਰ ਰੋਜ਼ਗਾਰ ਐਂਡ ਅਜੀਵਿਕਾ ਮਿਸ਼ਨ (ਗ੍ਰਾਮੀਣ) ਐਕਟ, 2025 – ਵੀਬੀਜੀਰਾਮ–ਜੀ ਨਾਲ ਬਦਲਣ ਦੇ ਪ੍ਰਸਤਾਵ ’ਤੇ ਉਮੀਦ ਮੁਤਾਬਕ ਵਿਰੋਧ ਹੋ ਰਿਹਾ ਹੈ। ਆਲੋਚਕਾਂ ਦਾ ਦਾਅਵਾ ਹੈ ਕਿ ਨਵਾਂ ਕਾਨੂੰਨ ਅਧਿਕਾਰਾਂ ਨੂੰ ਕਮਜ਼ੋਰ ਕਰਦਾ ਹੈ, ਸੂਬਿਆਂ ’ਤੇ ਵਿੱਤੀ ਬੋਝ ਪਾਉਂਦਾ ਹੈ, ਸੱਤਾ ਦਾ ਕੇਂਦਰੀਕਰਨ ਵਧਾਉਂਦਾ ਹੈ ਅਤੇ ਮਹਾਤਮਾ ਗਾਂਧੀ ਦੀ ਵਿਰਾਸਤ ਨੂੰ ਮਿਟਾਉਂਦਾ ਹੈ। ਪਰ ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਇਹ ਇਤਰਾਜ਼ ਨੀਤੀ ਦੇ ਅਸਲ ਡਿਜ਼ਾਈਨ ਨਾਲੋਂ ਵੱਧ ਰਾਜਨੀਤਕ ਧਾਰਨਾਵਾਂ ’ਤੇ ਆਧਾਰਿਤ ਨਜ਼ਰ ਆਉਂਦੇ ਹਨ।

ਵੀਬੀਜੀਰਾਮ–ਜੀ ’ਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਇਹ ਅਧਿਕਾਰ–ਆਧਾਰਿਤ ਢਾਂਚੇ ਨੂੰ ਖ਼ਤਮ ਕਰਦਾ ਹੈ। ਇਹ ਦਲੀਲ ਇਸ ਗ਼ਲਤ ਧਾਰਨਾ ’ਤੇ ਖੜੀ ਹੈ ਕਿ ਕਾਨੂੰਨੀ ਹੱਕਦਾਰੀ ਆਪਣੇ ਆਪ ਵਿੱਚ ਸਸ਼ਕਤੀਕਰਨ ਬਣ ਜਾਂਦੀ ਹੈ। ਮਨਰੇਗਾ ਦੇ ਲਗਭਗ ਦੋ ਦਹਾਕਿਆਂ ਦੇ ਤਜਰਬੇ ਨੇ ਇਸ ਸੋਚ ਦੀਆਂ ਹੱਦਾਂ ਸਪਸ਼ਟ ਕਰ ਦਿੱਤੀਆਂ ਹਨ। ਸਵਾਲ ਇਹ ਹੈ ਕਿ ਪਿਛਲੇ 20 ਸਾਲਾਂ ਵਿੱਚ ਮਨਰੇਗਾ ਨੇ ਕਿੰਨੀ ਵਾਰ ਸਮੇਂ ’ਤੇ ਕੰਮ ਦਿੱਤਾ? ਕਿੰਨੀ ਵਾਰ ਮਜ਼ਦੂਰਾਂ ਨੂੰ ਮਜ਼ਦੂਰੀ ਮਹੀਨਿਆਂ ਬਾਅਦ ਮਿਲੀ? ਜੋ ਹੱਕ ਸਮੇਂ ’ਤੇ ਨਾ ਮਿਲੇ, ਉਹ ਹੱਕ ਨਹੀਂ ਰਹਿੰਦਾ, ਸਗੋਂ ਧੋਖੇ ਵਿੱਚ ਬਦਲ ਜਾਂਦਾ ਹੈ। ਹੱਕ ਉਹੀ ਹੁੰਦਾ ਹੈ ਜੋ ਸਮੇਂ ’ਤੇ, ਪੂਰੇ ਪੈਮਾਨੇ ’ਤੇ ਅਤੇ ਲਗਾਤਾਰ ਮਿਲੇ। ਦੇਰੀ ਨਾਲ ਮਿਲੀ ਮਜ਼ਦੂਰੀ ਕਾਗ਼ਜ਼ੀ ਹੱਕ ਹੁੰਦੀ ਹੈ, ਅਸਲ ਨਿਆਂ ਨਹੀਂ।



ਇਸੇ ਕਾਰਨ ਮਨਰੇਗਾ ਹੇਠ ਮਜ਼ਦੂਰੀ ਵਿੱਚ ਲਗਾਤਾਰ ਦੇਰੀ, ਮੰਗ ਦੇ ਮੁਕਾਬਲੇ ਕੰਮ ਦੀ ਘੱਟ ਉਪਲਬਧਤਾ, ਘੱਟ ਗੁਣਵੱਤਾ ਵਾਲੀਆਂ ਸੰਪਤੀਆਂ ਦਾ ਨਿਰਮਾਣ ਅਤੇ ਸੂਬਿਆਂ ਵਿੱਚ ਅਸਮਾਨ ਕਾਰਗੁਜ਼ਾਰੀ—ਇਹ ਸਾਰੇ ਕਾਰਕ ਉਸ ਕਾਨੂੰਨੀ ਅਧਿਕਾਰ ਨੂੰ ਖੋਖਲਾ ਕਰ ਗਏ ਜੋ ਸਮੇਂ ਸਿਰ, ਵੱਡੇ ਪੈਮਾਨੇ ’ਤੇ ਅਤੇ ਲਗਾਤਾਰ ਦਿੱਤਾ ਜਾਣਾ ਸੀ। ਜੋ ਅਧਿਕਾਰ ਸਮੇਂ, ਪੈਮਾਨੇ ਅਤੇ ਨਿਰੰਤਰਤਾ ਨਾਲ ਪੂਰਾ ਨਾ ਹੋ ਸਕੇ, ਉਹ ਵਿਹਾਰਕ ਤੌਰ ’ਤੇ ਅਧਿਕਾਰ ਨਹੀਂ ਰਹਿੰਦਾ।

ਵੀਬੀਜੀਰਾਮ–ਜੀ ਰਾਜ ਦੀ ਰੋਜ਼ਗਾਰ ਸਹਾਇਤਾ ਦੇਣ ਵਾਲੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਦਾ। ਇਸ ਦੇ ਉਲਟ, ਇਹ ਸਮਾਂ–ਸੀਮਾਵਾਂ ਤੈਅ ਕਰਕੇ, ਫੰਡਿੰਗ ਨੂੰ ਨਤੀਜਿਆਂ ਨਾਲ ਜੋੜ ਕੇ ਅਤੇ ਜਵਾਬਦੇਹੀ ਨੂੰ ਸੰਸਥਾਗਤ ਬਣਾ ਕੇ ਉਸ ਜ਼ਿੰਮੇਵਾਰੀ ਨੂੰ ਨਵੇਂ ਢੰਗ ਨਾਲ ਸੰਗਠਿਤ ਕਰਦਾ ਹੈ। ਇਹ ਕਮਜ਼ੋਰੀ ਨਹੀਂ, ਸਗੋਂ ਲੋੜੀਂਦਾ ਸੁਧਾਰ ਹੈ।

ਹੋਰ ਗਹਿਰਾਈ ਨਾਲ ਵੇਖਣ ’ਤੇ ਇਹ ਨਵਾਂ ਕਾਨੂੰਨ ਭਾਰਤ ਦੀ ਵਿਕਾਸ–ਮੁਖੀ ਸੋਚ ਵਿੱਚ ਆ ਰਹੇ ਬਦਲਾਅ ਨੂੰ ਦਰਸਾਉਂਦਾ ਹੈ। ਮਨਰੇਗਾ ਨੂੰ ਗ੍ਰਾਮੀਣ ਸੰਕਟ ਦੇ ਤੀਬਰ ਦੌਰ ਵਿੱਚ ਇੱਕ ਰਾਹਤਕਾਰੀ ਪ੍ਰਬੰਧ ਵਜੋਂ ਲਾਗੂ ਕੀਤਾ ਗਿਆ ਸੀ। ਪਰ ਸੰਕਟ–ਆਧਾਰਿਤ ਰੋਜ਼ਗਾਰ ਨੂੰ ਗ੍ਰਾਮੀਣ ਅਰਥਵਿਵਸਥਾ ਦੀ ਸਥਾਈ ਵਿਸ਼ੇਸ਼ਤਾ ਮੰਨ ਲੈਣਾ ਠਹਿਰਾਅ ਨੂੰ ਆਮ ਗੱਲ ਬਣਾ ਦਿੰਦਾ ਹੈ। ਵੀਬੀਜੀਰਾਮ–ਜੀ ਅਲਪਕਾਲੀਨ ਰੋਜ਼ਗਾਰ ਨੂੰ ਅਜੀਵਿਕਾ ਸਿਰਜਣਾ, ਹੁਨਰ ਵਿਕਾਸ ਅਤੇ ਉਤਪਾਦਕ ਸੰਪਤੀ ਨਿਰਮਾਣ ਨਾਲ ਸਿੱਧੇ ਤੌਰ ’ਤੇ ਜੋੜਦਾ ਹੈ।

ਕੰਮ ਦੇ ਦਿਨਾਂ ਦੀ ਗਿਣਤੀ ਤੋਂ ਹਟ ਕੇ ਟਿਕਾਊ ਅਜੀਵਿਕਾ ਵੱਲ ਇਹ ਬਦਲਾਅ ਇੱਕ ਮੂਲ ਸੱਚ ਨੂੰ ਸਵੀਕਾਰ ਕਰਦਾ ਹੈ। ਸਨਮਾਨ ਸਿਰਫ਼ ਕੰਮ ਕਰਨ ਨਾਲ ਨਹੀਂ, ਸਗੋਂ ਆਮਦਨ ਦੀ ਸਥਿਰਤਾ, ਉਤਪਾਦਕਤਾ ਅਤੇ ਵਾਧੇ ਦੀ ਸਮਰੱਥਾ ਨਾਲ ਮਿਲਦਾ ਹੈ। ਜੋ ਕਲਿਆਣ ਪ੍ਰਣਾਲੀ ਵਿਕਾਸ ਤੋਂ ਇਨਕਾਰ ਕਰਦੀ ਹੈ, ਉਹ ਗ਼ਰੀਬੀ ਖ਼ਤਮ ਕਰਨ ਦੀ ਥਾਂ ਨਿਰਭਰਤਾ ਨੂੰ ਹੋਰ ਮਜ਼ਬੂਤ ਕਰਦੀ ਹੈ।

ਸੂਬਿਆਂ ’ਤੇ ਵਿੱਤੀ ਬੋਝ ਵਧਣ ਦੀ ਚਿੰਤਾ ਵੀ ਗਹਿਰਾਈ ਨਾਲ ਜਾਂਚ ਕਰਨ ’ਤੇ ਠਹਿਰਦੀ ਨਹੀਂ। ਪੁਰਾਣੇ ਢਾਂਚੇ ਹੇਠ ਸੂਬਿਆਂ ਨੂੰ ਕੇਂਦਰੀ ਰਿਲੀਜ਼ ਵਿੱਚ ਦੇਰੀ, ਅਣਯੋਜਿਤ ਜ਼ਿੰਮੇਵਾਰੀਆਂ ਅਤੇ ਲਾਗਤ–ਸਾਂਝੇ ਵਿਵਾਦਾਂ ਕਾਰਨ ਅਨਿਸਚਿਤਤਾ ਦਾ ਸਾਹਮਣਾ ਕਰਨਾ ਪੈਂਦਾ ਸੀ। ਵੀਬੀਜੀਰਾਮ–ਜੀ ਸਪਸ਼ਟ ਵਿੱਤੀ ਭੂਮਿਕਾਵਾਂ, ਮੱਧ–ਮਿਆਦੀ ਯੋਜਨਾ ਅਤੇ ਨਤੀਜਾ–ਆਧਾਰਿਤ ਫੰਡਿੰਗ ਪ੍ਰਦਾਨ ਕਰਦਾ ਹੈ। ਅਨੁਮਾਨ ਯੋਗਤਾ ਹੀ ਅਸਲ ਵਿੱਤੀ ਸੰਘਵਾਦ ਦੀ ਨੀਂਹ ਹੁੰਦੀ ਹੈ, ਜੋ ਸੂਬਿਆਂ ਦੀ ਯੋਜਨਾਬੰਦੀ ਸਮਰੱਥਾ ਨੂੰ ਮਜ਼ਬੂਤ ਕਰਦੀ ਹੈ।

ਇਸੇ ਤਰ੍ਹਾਂ, ਅਤਿ–ਕੇਂਦਰੀਕਰਨ ਦੇ ਦੋਸ਼ ਰਾਸ਼ਟਰੀ ਮਿਆਰ–ਨਿਰਧਾਰਨ ਨੂੰ ਸੂਖਮ ਪ੍ਰਬੰਧਨ ਨਾਲ ਗ਼ਲਤ ਤਰੀਕੇ ਨਾਲ ਜੋੜਦੇ ਹਨ। ਇੰਨੇ ਵੱਡੇ ਪੈਮਾਨੇ ਦੇ ਪ੍ਰੋਗਰਾਮ ਲਈ ਪਾਰਦਰਸ਼ਤਾ, ਪਾਤਰਤਾ ਅਤੇ ਨਿਗਰਾਨੀ ਦੇ ਇਕਸਾਰ ਮਿਆਰ ਲਾਜ਼ਮੀ ਹੁੰਦੇ ਹਨ। ਸਥਾਨਕ ਸੰਸਥਾਵਾਂ ਅਜੇ ਵੀ ਕੰਮਾਂ ਦੀ ਪਛਾਣ, ਪ੍ਰੋਜੈਕਟਾਂ ਦੇ ਅਮਲ ਅਤੇ ਵੰਡ ਦੀ ਨਿਗਰਾਨੀ ਕਰਦੀਆਂ ਹਨ। ਬਦਲਾਅ ਸਿਰਫ਼ ਇਹ ਹੈ ਕਿ ਹੁਣ ਕਾਰਗੁਜ਼ਾਰੀ ਅਤੇ ਜਵਾਬਦੇਹੀ ’ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ।

ਸਭ ਤੋਂ ਭਾਵੁਕ ਆਲੋਚਨਾ ਇਸ ਕਾਨੂੰਨ ਤੋਂ ਮਹਾਤਮਾ ਗਾਂਧੀ ਦਾ ਨਾਮ ਹਟਾਏ ਜਾਣ ਨੂੰ ਲੈ ਕੇ ਹੈ। ਇਹ ਤਰਕ ਪ੍ਰਤੀਕ ਨੂੰ ਅਸਲ ਮਕਸਦ ਤੋਂ ਉੱਪਰ ਰੱਖ ਦਿੰਦਾ ਹੈ। ਮਹਾਤਮਾ ਗਾਂਧੀ ਦੀ ਆਰਥਿਕ ਸੋਚ ਉਤਪਾਦਕ ਮਿਹਨਤ, ਸਵੈ–ਨਿਰਭਰਤਾ, ਵਿਕੇਂਦਰੀਕ੍ਰਿਤ ਵਿਕਾਸ ਅਤੇ ਨੈਤਿਕ ਜ਼ਿੰਮੇਵਾਰੀ ’ਤੇ ਆਧਾਰਿਤ ਸੀ। ਸਿਰਫ਼ ਨਾਮ ਬਚਾ ਕੇ ਪ੍ਰਣਾਲੀਗਤ ਅਕੁਸ਼ਲਤਾ ਨੂੰ ਸਹਿਣਾ ਉਨ੍ਹਾਂ ਦੀ ਵਿਰਾਸਤ ਦਾ ਸਨਮਾਨ ਨਹੀਂ। ਟਿਕਾਊ ਸਮੁਦਾਇਕ ਸੰਪਤੀਆਂ, ਸਥਾਨਕ ਉਦਯੋਗ ਅਤੇ ਅਜੀਵਿਕਾ ਦੀ ਸਥਿਰਤਾ ’ਤੇ ਕੇਂਦਰਿਤ ਪ੍ਰੋਗਰਾਮ ਗਾਂਧੀਵਾਦੀ ਸਿਧਾਂਤਾਂ ਨਾਲ ਕਿਤੇ ਵੱਧ ਮੇਲ ਖਾਂਦੇ ਹਨ।

ਸੁਧਾਰ ਅਕਸਰ ਵਿਰੋਧ ਨੂੰ ਜਨਮ ਦਿੰਦੇ ਹਨ, ਖ਼ਾਸ ਕਰਕੇ ਜਦੋਂ ਉਹ ਸਥਾਪਿਤ ਰਾਜਨੀਤਕ ਧਾਰਨਾਵਾਂ ਨੂੰ ਚੁਨੌਤੀ ਦਿੰਦੇ ਹਨ। ਪਰ ਸਮਾਜਕ ਨੀਤੀ ਸਮੇਂ ਨਾਲ ਠਹਿਰ ਕੇ ਨਹੀਂ ਰਹਿ ਸਕਦੀ। ਭਾਰਤ ਦੇ ਜਨਸੰਖਿਆਕ ਦਬਾਅ, ਵਿੱਤੀ ਪਾਬੰਦੀਆਂ ਅਤੇ ਵਿਕਾਸ–ਮੁਖੀ ਅਕਾਂਖਿਆਵਾਂ ਅਜਿਹੀਆਂ ਨੀਤੀਆਂ ਦੀ ਮੰਗ ਕਰਦੀਆਂ ਹਨ ਜੋ ਸਾਰਥਿਕ ਅਤੇ ਮਾਪਯੋਗ ਨਤੀਜੇ ਦੇ ਸਕਣ। ਵੀਬੀਜੀਰਾਮ–ਜੀ ਗ੍ਰਾਮੀਣ ਰੋਜ਼ਗਾਰ ਨੀਤੀ ਨੂੰ ਇਨਪੁੱਟ–ਕੇਂਦਰਿਤ ਹੱਕਦਾਰੀ ਤੋਂ ਨਤੀਜਾ–ਕੇਂਦਰਿਤ ਗਰੰਟੀ ਵੱਲ ਲਿਜਾਣ ਦਾ ਸੋਚ–ਸਮਝ ਕੇ ਕੀਤਾ ਗਿਆ ਯਤਨ ਹੈ।

ਨੀਤੀ–ਨਿਰਮਾਤਾਵਾਂ ਸਾਹਮਣੇ ਅਸਲ ਚੋਣ ਦਇਆ ਬਨਾਮ ਕੁਸ਼ਲਤਾ ਜਾਂ ਅਧਿਕਾਰ ਬਨਾਮ ਸੁਧਾਰ ਦੀ ਨਹੀਂ, ਸਗੋਂ ਉਸ ਕਲਿਆਣੀ ਸੰਰਚਨਾ ਵਿਚਕਾਰ ਹੈ ਜੋ ਬਦਲਦੀਆਂ ਹਕੀਕਤਾਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੀ ਹੈ ਅਤੇ ਉਸ ਸੰਰਚਨਾ ਵਿਚਕਾਰ ਜੋ ਪੁਰਾਣੇ ਢਾਂਚਿਆਂ ਨਾਲ ਚਿਮਟੀ ਰਹਿੰਦੀ ਹੈ। ਵੀਬੀਜੀਰਾਮ–ਜੀ ਵਿਚਾਰ ਵਿੱਚ ਵਿਕਾਸ ਦਾ ਪ੍ਰਤੀਕ ਹੈ। ਇਹ ਜਨਤਕ ਖ਼ਰਚ ਨੂੰ ਟਿਕਾਊ ਗ੍ਰਾਮੀਣ ਸਮਰੱਥਾ ਵਿੱਚ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਰਾਸ਼ਟਰੀ ਚਰਚਾ ਨੂੰ ਰਾਜਨੀਤਕ ਯਾਦਾਂ ਨਹੀਂ, ਸਗੋਂ ਵਿਕਾਸ–ਮੁਖੀ ਤੇ ਸਾਰਥਿਕ ਦਿਸ਼ਾ ਦੇਣੀ ਚਾਹੀਦੀ ਹੈ।

**(ਲੇਖਕ: ਪ੍ਰੋ. ਸਰਚਾਂਦ ਸਿੰਘ ਖਿਆਲਾ, 9781355522)**

## ਬਜਟ ਨੇ ਸਾਫ ਕਰ ਦਿੱਤਾ ਕਿ ਭਾਜਪਾ ਦੀ ਟੇਕ ਧਰਮ ਅਤੇ ਜਾਤ-ਪਾਤ ਤੇ ਟਿਕੀ ਹੋਈ ਹੈ - ਸਰਪੰਚ ਸੁਖਰਾਜ ਪੇਰੋਸ਼ਾਹ

**ਚੌਕ ਮਹਿਤਾ, 1 ਫਰਵਰੀ, ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅਗਾਹ ਵਧੂ ਅਤੇ ਨੌਜਵਾਨ ਸਰਪੰਚ ਸੁਖਰਾਜ ਸਿੰਘ ਕਾਹਲੋਂ ਨੇ ਬਜਟ ਤੇ ਪ੍ਰਤਿਕ੍ਰਿਆ ਦਿੰਦਿਆ ਕਿਹਾ ਕਿ ਪੰਜਾਬ ਦੇ ਲੋਕ ਚੋਣ ਵਰਾ ਹੋਣ ਤੇ ਭਾਜਪਾ ਵੱਲੋਂ ਵਿਕਾਸਸ਼ੀਲ ਢਾਂਚਾਗਤ ਬੁਨਿਆਦ ਦੀ ਆਸ ਲਾਈ ਬੈਠੇ ਸਨ ਪਰੰਤੂ ਬਜਟ ਨੇ ਸਾਫ ਕਰ ਦਿੱਤਾ ਕਿ ਭਾਜਪਾ ਦੀ ਟੇਕ ਧਰਮ ਅਤੇ ਜਾਤ–ਪਾਤ ਤੇ ਟਿਕੀ ਹੋਈ ਹੈ ਸ ਕਾਹਲੋਂ ਨੇ ਕਿਹਾ ਕਿ ਕੇਂਦਰੀ ਸਰਕਾਰ ਵੱਲੋ 2026–27 ਦਾ ਬਜਟ 53.5 ਲੱਖ ਕਰੋੜ ਘੋਸ਼ਿਤ ਕੀਤਾ ਗਿਆ, ਪਰੰਤੂ ਆਮਦਨ 40 ਲੱਖ ਕਰੋੜ ਦੇ ਕਰੀਬ ਦੱਸੀ ਗਈ ਹੈ ਅਤੇ 14 ਲੱਖ ਕਰੋੜ ਦਾ ਘਾਟਾ ਫਿਸਕਲ ਡੈਫੀਸਿੱਟ ਹੈ ਭਾਵ ਕਿ “ ਖਰਚ ਦੁਆਨੀ, ਆਮਦਨ ਚੁਆਨੀ “ ਬਜਟ ਵਿਚ ਇਨਫਰਾਸਟਰਕਚਰ ਵੱਲ ਵੱਡਾ ਕਦਮ ਪੁੱਟਣ ਦੀ ਕੋਸ਼ਿਸ਼ ਸਲਾਘਾਯੋਗ ਹੈ , ਜਿਸਦੇ ਨਤੀਜੇ ਦੂਰਦਰਸ਼ੀ ਹੋਣਗੇ , ਪਰੰਤੂ ਤੁਰੰਤ ਲਾਭ ਪ੍ਰਦਾਨ ਕਰਨ ਵੱਲ ਧਿਆਨ ਨਹੀ ਦਿੱਤਾ ਗਿਆ ਅਤੇ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਵੱਲ ਕਦਮ ਨਾ ਪੁੱਟਣ ਕਾਰਨ ਬਜਟ ਆਉਂਦਿਆਂ ਹੀ ਸ਼ੇਅਰ ਬਜਾਰ ਮੂਧੇ ਮੂੰਹ ਡਿੱਗਾ ਹੈ ,ਗਰੀਬ ਪਰਿਵਾਰਾਂ ਲਈ ਸਿੱਧਾ ਕੋਈ ਲਾਭ ਨਹੀ ਹੈ ,ਬਜਟ ਵਿਚ ਯੂਥ ਵਾਸਤੇ ਸਕਿੱਲ ਡਿਵੈਲਪਮੈਂਟ ਅਤੇ ਤਕਨੀਕੀ ਖੇਤੀਬਾੜੀ ਸਬੰਧੀ ਚੁੱਪ, ਐਮ ਐਸ ਪੀ ,ਪਰਾਲੀ ਪ੍ਰਬੰਧਨ ਅਤੇ ਖੇਤੀ ਦੇ ਘਾਟੇ ਤੇ ਵਿਚਾਰ ਨਾ ਕਰਨ ਅਤੇ ਸਰਹੱਦੀ ਖੇਤਰ ਪੰਜਾਬ ਨੂੰ ਬਜਟ ਵਿਚ ਨਾ ਰੱਖਣਾ ਵੱਡੀ ਨਕਾਰਾਤਮਕ ਸੋਚ ਦਾ ਸਿਖਰ ਹੈ।



### ਬਾਬਾ ਮੇਜਰ ਸਿੰਘ ਸੋਢੀ ਨੂੰ ਦਿੱਤਾ ਪ੍ਰਸ਼ੰਸਾ ਪੱਤਰ

# ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਨੇ ਜਥੇਦਾਰ ਸੋਢੀ ਨੂੰ ਕੀਤਾ ਸਨਮਾਨਿਤ



**ਚੌਕ ਮਹਿਤਾ, 1 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਰੰਘਰੇਟਾ ਸਮਾਜ ਦੇ ਹੱਕ 'ਚ ਨਵਾਂ ਕੀਰਤੀਮਾਨ ਸਥਾਪਿਤ ਕਰਨ ਅਤੇ ਸ਼੍ਰੋਮਣੀ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਦਿਹਾੜੇ ਨੂੰ ਵਿਆਪਕ ਪੱਧਰ ਤੇ ਪ੍ਰਸਾਰਨ ਅਤੇ ਪ੍ਰਚਾਰਨ ਬਦਲੇ ਦਸ਼ਮੇਸ਼ ਤਰਨਾ ਦਲ ਦੇ ਮੁੱਖੀ ਜੰਗੀ ਜਰਨੈਲ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੂੰ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਦੱਸ ਦੇਈਏ ਕਿ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਅਤੇ ਉਹਨਾ ਦੀ ਟੀਮ ਨੇ ਪੜਾਅ ਤੇ ਪਹੁੰਚ ਕੇ ਸੰਸਥਾ ਤਰਫੋਂ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੂੰ 'ਫਖਰ ਏ ਕੌਂਮ' ਨਾ ਦਾ ਪ੍ਰਸੰਸਾ ਪੱਤਰ ਸੌਂਪਦਿਆਂ ਸਿਰੌਪਾਓ ਦੇ ਕੇ ਸਨਮਾਨਿਤ ਕੀਤਾ ਪ੍ਰੈਸ ਨੂੰ ਮਖਾਤਿਬ ਹੁੰਦਿਆਂ ਪਟੀਸ਼ਨਰ ਅਤੇ ਸੰਸਥਾ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਸਮਾਜ ਦੀ ਪ੍ਰਗਤੀ,ਵਿਕਾਸ ਅਤੇ ਉੱਚੀਆਂ ਪ੍ਰੰਪਰਾਵਾਂ ਨੂੰ ਕਾਇਮ ਰੱਖਦਿਆਂ ਮਿਸਲੀ ਰਵਾਇਤਾਂ ਅਤੇ ਪੰਥਕ ਅਸੂਲਾਂ ਨੂੰ ਬਹਾਲ ਰੱਖਣ 'ਚ ਦਸਮੇਸ਼ ਤਰਨਾ ਦਲ ਦੇ ਮੁੱਖੀ ਵਜੋਂ ਜਥੇਦਾਰ ਸੋਢੀ ਨੇ ਬਾਖੂਬੀ ਭੂਮਿਕਾ ਨਿਭਾਈ ਹੈ। ਉਹਨਾ ਨੇ ਕਿਹਾ ਕਿ ਸਿੱਖ ਸਮਾਜ ਚੋਂ ਨਿਰਾਸ਼ ਹੋ ਕੇ ਹੋਰਨਾ ਧਰਮਾਂ ਵੱਲ ਜਾਣ ਵਾਲਿਆਂ ਪ੍ਰੀਵਾਂਰਾਂ ਨੂੰ ਤਰਕ ਅਤੇ ਪ੍ਰੇਰਨਾ ਸਦਕਾ ਮੁੜ ਸਿੱਖ ਸਮਾਜ ਵੱਲ ਕੇਂਦਰਿਤ ਕਰਨ 'ਚ ਦਸ਼ਮੇਸ਼ ਤਰਨਾ ਦਲ ਨੇ ਨਤੀਜਾ ਦਿਓ ਭੂਮਿਕਾ ਨਿਭਾਈ ਹੈ।

ਸਤਨਾਮ ਸਿੰਘ ਗਿੱਲ ਨੇ ਬੜੀ ਬੇਬਾਕੀ ਨਾਲ ਕਿਹਾ ਕਿ ਸਿੱਖ ਕੌਂਮ ਦਾ ਹਰਿਆਵਲ ਦਸਤਾ ਵਜੋਂ ਤਸਲੀਮ ਕੀਤੀਆਂ ਜਾ ਚੁੱਕੀਆਂ ਸੰਸਥਾਵਾਂ ਕੱਟੜਤਾ ਦੇ ਵੱਸ ਪੈ ਸਿੱਖ ਸਮਾਜ ਨੂੰ ਸੰਗਠਿਤ ਕਰਨ 'ਚ ਜਿਥੇਂ ਕਮਜੋਰ ਪੈ ਚੁੱਕੀਆਂ ਹਨ ਉਥੇਂ ਦਸ਼ਮੇਸ਼ ਤਰਨਾ ਦਲ ਸਿੱਖ ਸਮਾਜ ਦੀ ਚੜਦੀ ਕਲ੍ਹਾ ਲਈ ਰਾਤ ਦਿਨ ਕੰਮਕਾਰ ਕਰ ਰਿਹਾ ਹੈ।

ਉਹਨਾ ਨੇ ਕਿਹਾ ਕਿ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਰਵ ਉੱਚ ਸ਼੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਜਾਰੀ ਹੋਏ ਹੁਕਨਾਮੇਂ ਦੀ ਪਾਲ੍ਹਣਾ ਕਰਦਿਆਂ ਸਿੱਖ ਹਲਕਿਆਂ 'ਚ ਜਾਤੀ ਵਿਤਕਰੇ ਅਤੇ ਵੱਖਵਾਦ ਤੇ ਪੱਖਪਾਤ ਨੂੰ ਖਤਮ ਕਰਨ ਲਈ ਪ੍ਰਚਾਰ ਤੇ ਪੂਰਾ ਜੋਰ ਦੇ ਰਹੇ ਹਨ।

### 'ਰੰਘਰੇਟਾ' ਸਮਾਜ ਦੇ ਹੱਕ 'ਚ ਫੱਤਵਾ ਦੇਣ ਤੇ ਹੋਈ ਚੁਫੇਰੇ ਚਰਚਾ

ਉਹਨਾ ਨੇ ਕਿਹਾ ਕਿ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾ ਚੋਂ ਰਾਖਵੀਂਆਂ ਸੀਟਾਂ ਤੇ ਦੱਬੇ ਕੁਚਲੇ ਸਮਾਜ ਚੋਂ ਲੀਡਰ ਪੈਦਾ ਕਰਨ ਅਤੇ ਸੀਟਾਂ ਦੀ ਜਿੱਤ ਦੇ ਦਾਅਵਿਆਂ ਨੂੰ ਮਜਬੂਤ ਕਰਨ ਲਈ ਜਥੇਦਾਰ ਸਿਰਤੋੜ ਮਿਹਨਤ ਕਰ ਰਹੇ ਹਨ ਉਹਨਾ ਨੇ ਕਿਹਾ ਕਿ ਘੱਟ ਗਿਣਤੀ ਲੋਕ ਭਲਾਈ ਸੰਸਥਾ ਦਸਮੇਸ਼ ਤਰਨਾ ਦਲ ਦੀ ਧਾਰਨਾ,ਸੋਚ,ਪੰਥਕ ਪਹੁੰਚ ਅਤੇ ਸੂਬੇ ਦੇ ਹੱਕ 'ਚ ਚਲਾਏ ਜਾਣ ਵਾਲੇ ਮਿਸ਼ਨ ਦੇ ਨਾਲ ਇਤਫਾਕ ਰੱਖਦੀ ਹੈ।

ਬਾਬਾ ਮੇਜਰ ਸਿੰਘ ਸੋਢੀ ਨੇ ਪੜਾਅ ਤੇ ਆਏ 'ਸੰਸਥਾ' ਦੇ ਆਗੂਆਂ ਨੂੰ ਕੀਤਾ ਸਨਮਾਨਿਤ: ਦਸਮੇਸ਼ ਤਰਨਾ ਦਲ ਦੇ ਮੁੱਖੀ ਬਾਬਾ ਮੇਜਰ ਸਿੰਘ ਸੋਢੀ ਨੇ ਕਿਹਾ ਕਿ ਘੱਟ ਗਿਣਤੀ ਲੋਕ ਭਲਾਈ ਸੰਸਥਾ ਇੱਕ ਨਾਮਵਾਰ ਅਤੇ ਕੱਦਵਾਰ ਲੀਡਰ ਸਤਨਾਮ ਸਿੰਘ ਗਿੱਲ ਦੀ ਵਕਾਰੀ ਸੰਸਥਾ ਹੈ ਅਜਿਹੀ ਸੰਸਥਾ ਦੁਆਰਾ ਕੌਂਮ ਦੇ ਪ੍ਰਤੀ ਦਰਦ ਅਤੇ ਸਨੇਹ ਰੱਖਦੇ ਹੋਏ ਸਾਡੇ ਤੱਕ ਪਹੁੰਚ ਕਰਕੇ ਸਾਡੀ ਹੌਂਸਲਾ-ਅਫਜ਼ਾਈ ਕਰਨੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਿੱਖ ਸਮਾਜ 'ਚ ਵਿਰਨ ਵਾਲੀਆਂ ਧਿਰਾਂ ਸਾਨੂੰ ਨਟਿਸ ਕਰ ਰਹੀਓਂ ਹਨ।ਇਸ ਮੌਕੇ ਯੁਥ ਲੀਡਰ ਮਿਲਨ ਸਿੰਘ ਗਿੱਲ ਜੋਧੇ,ਕਲਾਕਾਰ ਗੁਰਮੇਲ ਸਿੰਘ ਜੋਧਾ,ਨਿੱਜੀ ਸਹਾਇਕ ਅੰਮ੍ਰਿਤਪਾਲ ਸਿੰਘ ਕਲਿਆਣ,ਗਰਪ੍ਰੀਤ ਸਿੰਘ ਜੋਧੇ ਆਦਿ ਤੋਂ ਇਲਾਵਾ ਜਥੇਬੰਦੀ ਦੇ ਸਿੰਘ ਹਾਜਰ ਸਨ।

### ਸੀਨੀਅਰ ਸਿਟੀਜਨ ਆਫ਼ ਵੈਲ.ਫੇਅਰ ਐਸੋਸੀਏਸ਼ਨ (ਰਜਿ:) ਧੂਰੀ ਦੀ

# ਮਹੀਨਾਵਾਰ ਮੀਟਿੰਗ ਹੋਈ



**ਧੂਰੀ (ਰਣਜੀਤ ਸਿੰਘ ਪੇਧਨੀ)**-ਸੀਨੀਅਰ ਸਿਟੀਜਨ ਆਫ਼ ਧੂਰੀ ਵੈਲਫ਼ੇਅਰ ਐਸੋਸੀਏਸ਼ਨ (ਰਜਿ:) ਧੂਰੀ ਦੀ ਮਹੀਨਾਵਾਰ ਮੀਟਿੰਗ ਸੁਖਵੀਰ ਸਿੰਘ ਦੀ ਪ੍ਰਧਾਨਗੀ ਹੇਠ ਰਾਮ ਬਾਗ ਯੋਗਾ ਹਾਲ ਵਿਖੇ ਹੋਈ। ਮੈਂਬਰ ਰਾਮ ਸਿੰਘ ਅਤੇ ਮੈਂਬਰ ਪਰਸਨ ਸਿੰਘ ਦੀਆਂ ਧਰਮਪਤਨੀਆਂ ਦੇ ਅਚਾਨਕ ਸਵਰਗਵਾਸ ਹੋਣ 'ਤੇ ਐਸੋਸੀਏਸ਼ਨ ਵੱਲੋਂ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਸਾਲ ਦੀ ਪਹਿਲੀ ਮੀਟਿੰਗ ਵਿੱਚ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ।ਪ੍ਰੀਤਮ ਸਿੰਘ ਇੰਸਪੈਕਟਰ, ਗੁਰਚਰਨ ਸਿੰਘ, ਅਜਮੇਰ ਸਿੰਘ ਭੰਗੂ, ਸੁਰਿੰਦਰਪਾਲ ਸਿੰਘ, ਜੈਗੋਪਾਲ, ਬਲਵੀਰ ਸਿੰਘ ਨੇਵੀ, ਪ੍ਰਿੰਸੀਪਲ ਸੀਤਾ ਸਿੰਘ, ਅੰਮ੍ਰਿਤ ਸਿੰਘ ਸਿੱਧੂ, ਗਿਆਨ ਸਿੰਘ, ਮਾਸਟਰ ਸੁਰਜੀਤ ਸਿੰਘ, ਦਰਸ਼ਨ ਸਿੰਘ ਸੰਧੂ ਅਤੇ ਜਸਦੇਵ ਸਿੰਘ ਪ੍ਰਧਾਨ ਦੇ ਜਨਮ ਦਿਨ ਸੰਸਥਾਂ ਵੱਲੋਂ ਮੂੰਹ ਮਿੱਠਾ ਕਰਵਾ ਕੇ ਅਤੇ ਯਾਦਗਾਰੀ ਗਿਫਟ ਦੇ ਕੇ ਮਨਾਏ ਗਏ ਮੈਂਬਰਾਂ ਨੇ ਸੰਸਥਾਂ ਨੂੰ ਦਿਲ ਖੋਹ ਕੇ ਸਹਾਇਤਾ ਰਾਸ਼ੀ ਦਿੱਤੀ ਅਤੇ ਸੰਸਥਾਂ ਵੱਲੋਂ ਧੰਨਵਾਦ ਕੀਤਾ ਗਿਆ।ਕਰਮਜੀਤ ਸਿੰਘ ਬੇਨੜਾ ਨੇ ਵੀ ਸਹਾਇਤਾ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਦੋ ਨਵੇਂ ਮੈਂਬਰਾਂ ਬੁੱਧ ਰਾਮ ਗਰਗ ਅਤੇ ਜਗਤਾਰ ਸਿੰਘ ਖਜਾਨਾ ਅਫਸਰ ਦੇ ਐਸੋਸੀਏਸ਼ਨ ਦੀ ਮੈਂਬਰਸ਼ਿਪ ਲੈਣ 'ਤੇ ਉਨ੍ਹਾਂ ਦਾ ਹਾਰ ਪਾ ਕੇ ਸਵਾਗਤ ਕੀਤਾ ਗਿਆ ਅਤੇ ਬੁੱਧ ਰਾਮ ਨੇ ਦਿਲ ਖੋਲਕੇ ਸੰਸਥਾਂ ਦੀ ਮਾਲੀ ਸਹਾਇਤਾ ਕੀਤੀ।

ਅੰਤ ਵਿੱਚ ਮਨਜੀਤ ਸਿੰਘ ਬਖ਼ਸੀ ਨੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸੁਝਾਅ ਪੇਸ਼ ਕੀਤੇ। ਰਵਿੰਦਰ ਸ਼ਰਮਾ, ਮਦਨ ਲਾਲ ਵਰਮਾ, ਬਲਵਿੰਦਰ ਸਿੰਘ, ਹਰੀ ਚੰਦ ਵਰਮਾ, ਅਨਿਲ ਕੁਮਾਰ, ਸੁਖਦੇਵ ਸਿੰਘ, ਸੁਰਿੰਦਰਜੀਤ ਸਿੰਘ, ਭੂਪਿੰਦਰ ਸਿੰਘ, ਪਿਆਰਾ ਸਿੰਘ, ਚਰਨਜੀਤ ਕੈਂਥ, ਜਸਪਾਲ ਸਿੰਘ, ਸ਼ੇਰ ਸਿੰਘ, ਜਸਵਿੰਦਰ ਸਿੰਘ, ਰਮੇਸ਼ ਕੁਮਾਰ ਐੱਸ.ਡੀ.ਓ ਅਤੇ ਰਘਵੀਰ ਸਿੰਘ ਐੱਸ.ਡੀ.ਓ ਆਦਿ ਵੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਬਜਟ ਸੈਸ਼ਨ ਚ ਸ਼ਾਮਿਲ ਨਾ ਕਰਨਾ ਲੋਕਤੰਤਰ ਦਾ ਘਾਣ ਹੈ-ਪੰਮਾ ਬਾਠ

ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਅੰਦਰ ਅਮਨ ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਵਿਗੜੀ ਪਈ ਹੈ।ਜਗ੍ਹਾ ਜਗ੍ਹਾ ਤੇ ਲੁਟਾ ਖੋਹਾ ਹੋ ਰਹੀਆਂ ਹਨ।ਵਪਾਰੀਆਂ ਤੋਂ ਜਿੱਥੇ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ,ਉੱਥੇ ਹੀ ਸੁਨਿਆਰਿਆਂ ਦੀਆਂ ਦੁਕਾਨਾਂ ਵਿੱਚ ਸ਼ਰੇਆਮ ਵੜ ਕੇ ਗਹਿਣੇ ਲੁੱਟੇ ਜਾ ਰਹੇ ਹਨ।ਪੰਜਾਬ ਅੱਜ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਕੇ ਰੋ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਪੰਮਾ ਬਾਠ ਨੇ ਕੀਤਾ।ਉਨ੍ਹਾਂ ਕਿਹਾ ਕਿ ਮਾਵਾ ਦੀਆਂ ਕੁੱਖਾਂ ਜਿੱਥੇ ਨਸ਼ੇ ਨੇ ਖਤਮ ਕਰ ਦਿੱਤੀਆਂ, ਉੱਥੇ ਹੀ ਗੋਲੀਆਂ ਮਾਰ ਕੇ ਨੌਜਵਾਨਾਂ ਦੇ ਕਤਲ ਕੀਤੇ ਜਾ ਰਹੇ, ਦੀਪ ਸਿੱਧੂ, ਸਿੱਧੂ ਮੂਸੇਵਾਲਾ ਸੰਦੀਪ ਅੰਬੀਆਂ ਸਮੇਤ ਹੋਰ ਅਨੇਕਾਂ ਨੌਜਵਾਨਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਅੱਜ ਤੱਕ ਉਨਾਂ ਪਰਿਵਾਰਾਂ ਨੂੰ ਇਨਸਾਫ ਤੱਕ ਨਹੀਂ ਮਿਲਿਆ। ਜਿਹੜੇ ਨੌਜਵਾਨ ਪੰਜਾਬ ਪੰਜਾਬੀਅਤ ਨੌਜਵਾਨੀ, ਕਿਸਾਨੀ ਦੀ ਗੱਲ ਕਰਦੇ ਹਨ ਉਨਾਂ ਨੂੰ ਜਾਂ ਤਾਂ ਮਾਰ ਦਿੱਤਾ ਜਾਂਦਾ ਹੈ ਜਾਂ ਫਿਰ ਉਨਾਂ ਤੇ ਝੂਠੇ ਮੁਕਦਮੇ ਦਰਜ ਕਰਕੇ ਜੇਲਾ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਇੱਕ ਵਰਗ ਇੰਨਾ ਮੌਜੂਦਾ ਸਰਕਾਰਾਂ ਤੋਂ ਪੂਰੀ ਤਰਾਂ ਦੁਖੀ ਹੈ ਪੰਜਾਬ ਅੰਦਰ ਅਮਨ ਕਾਨੂਨ ਦੀ ਸਥਿਤੀ ਪੂਰੀ ਤਰਹਾ ਬਿਗੜੀ ਪਈ ਹੈ ਘਰਾਂ ਵਿੱਚ ਵੜ ਕੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ ਮਾਰਿਆ ਜਾ ਰਿਹਾ ਪਰ ਪੰਜਾਬ ਸਰਕਾਰ ਹੱਥ ਤੇ ਹੱਥ ਧਰ ਕੇ ਬੈਠੀ ਹੈ। ਉਹਨਾਂ ਕਿਹਾ ਕਿ ਲੋਕ ਸਭਾ ਦਾ ਸੈਸ਼ਨ ਸ਼ੁਰੂ ਹੋਣ ਵਾਲਾ ਪਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਪੈਰੋਲ ਤੱਕ ਨਹੀਂ ਦਿੱਤੀ ਜਾ ਰਹੀ, ਪੰਜਾਬ ਸਰਕਾਰ ਦੇ ਵੱਲੋਂ ਕੇਂਦਰ ਦੇ ਇਸ਼ਾਰੇ ਤੇ ਪੈਰੋਲ ਰੋਕ ਦਿੱਤੀ ਜਾਂਦੀ ਹੈ ਜੋ ਕਿ ਸ਼ਰੇਆਮ ਲੋਕਤੰਤਰ ਦਾ ਘਾਣ ਹੈ। ਭਾਈ ਅੰਮ੍ਰਿਤ ਪਾਲ ਸਿੰਘ ਖਾਲਸਾ ਨੂੰ ਸ੍ਰੀ ਖਡੂਰ ਸਾਹਿਬ ਦੇ ਵਾਸੀਆਂ ਨੇ ਸਭ ਤੋਂ ਵੱਧ ਵੋਟਾਂ ਦੀ ਵੱਡੀ ਲੀਡ ਦੇ ਨਾਲ ਜਿੱਤ ਪ੍ਰਾਪਤ ਕਰਵਾ ਕੇ ਮੈਂਬਰ ਪਾਰਲੀਮੈਂਟ ਬਣਾਇਆ ਹੈ ਪਰ ਇਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਕਿਉਂਕਿ ਮੋਦੀ ਨੂੰ ਪਤਾ ਹੈ ਕਿ ਸੈਸ਼ਨ ਵਿੱਚ ਸ਼ਾਮਿਲ ਹੋ ਕੇ ਭਾਈ ਅੰਮ੍ਰਿਤ ਪਾਲ ਸਿੰਘ ਖਾਲਸਾ ਤਿੱਖੇ ਸਵਾਲ ਕਰਨਗੇ ।



ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਚੌਥੇ ਦਮਦਮਾ ਸਾਹਿਬ ਸਾਹਿਤਕ ਮੇਲੇ ਦਾ ਆਯੋਜਨ 11 ਤੋਂ 13 ਫ਼ਰਵਰੀ ਨੂੰ

ਤਲਵੰਡੀ ਸਾਬੋ, 01 ਫਰਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ, ਸੋਸ਼ਲ ਸਾਇੰਸਜ਼ ਵਿਭਾਗ ਅਤੇ ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਵੱਲੋਂ ਚੌਥਾ ਦਮਦਮਾ ਸਾਹਿਬ ਸਾਹਿਤਕ ਮੇਲਾ ਮਿਤੀ 11, 12 ਅਤੇ 13 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਦਾ ਮਕਸਦ ਵਿਦਿਆਰਥੀਆਂ ਅਤੇ ਸਮਾਜ ਨੂੰ ਸਾਹਿਤਕ, ਸਮਾਜਿਕ ਅਤੇ ਰਾਜਨੀਤਿਕ ਲਿਖਤਾਂ ਪੜ੍ਹਨ ਅਤੇ ਖੁਦ ਗਿਆਨ ਦੀ ਸਿਰਜਨਾ ਕਰਨ ਲਈ ਪ੍ਰੇਰਿਤ ਕਰਨਾ ਹੈ। ਸਾਹਿਤਕ ਮੇਲੇ ਸੰਸਥਾਵਾਂ ਦੇ ਜ਼ਰੀਏ ਨਵਾਂ ਗਿਆਨ ਪੈਦਾ ਕਰਨ ਦੇ ਰਾਹ ਦਸੇਰੇ ਹੁੰਦੇ ਹਨ, ਜਿਸ ਦੁਆਰਾ ਪ੍ਰਗਤੀਸ਼ੀਲ ਕਦਰਾਂ-ਕੀਮਤਾਂ ਦੀ ਸਿਰਜਣਾ ਨਾਲ ਸਮਾਜ ਅਗਲੀ ਪੁਲਾਂਘ ਪੁੱਟਦਾ ਹੈ। ਇਸ ਮੇਲੇ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨ ਅਲੱਗ-ਅਲੱਗ ਵਿਸ਼ਿਆਂ 'ਤੇ ਵਿਚਾਰ-ਚਰਚਾ ਕਰਨਗੇ।ਇਸ ਦੇ ਨਾਲ-ਨਾਲ ਪੁਸਤਕ ਪ੍ਰਦਰਸ਼ਨੀਆਂ, ਕਲਾ ਪ੍ਰਦਰਸ਼ਨੀਆਂ, ਸਾਹਿਤਕ ਸੰਵਾਦ, ਰੂ-ਬ-ਰੂ, ਨਾਟਕ, ਖੇਤੀ ਸੰਵਾਦ, ਵਿਦਿਆਰਥੀ ਵਿਚਾਰ-ਚਰਚਾ, ਫਿਲਮ ਸ਼ੋ, ਕਵੀ ਦਰਬਾਰ, ਕਵੀਸ਼ਰੀ, ਗੀਤ-ਸੰਗੀਤ ਹੋਵੇਗਾ ਅਤੇ ਵਿਰਾਸਤੀ ਖਾਣੇ ਦੀਆਂ ਸਟਾਲਾਂ ਵੀ ਲਗਾਈਆਂ ਜਾਣਗੀਆਂ।ਇਸ ਮੌਕੇ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਡਾਇਰੈਕਟਰ ਪ੍ਰੋਫੈਸਰ ਅਮਨਦੀਪ ਸਿੰਘ, ਵਿਭਾਗਾਂ ਦੇ ਮੁਖੀ ਸਾਹਿਬਾਨ ਅਤੇ ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਵੱਲੋਂ ਸਮੂਹ ਬੁੱਧੀਜੀਵੀ ਵਰਗ ਅਤੇ ਸਾਹਿਤਕ ਪ੍ਰੇਮੀਆਂ ਨੂੰ ਇਸ ਮੇਲੇ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਵੱਧ ਤੋਂ ਵੱਧ ਸ਼ਿਰਕਤ ਕਰਕੇ ਇਸ ਸਾਹਿਤਕ ਮੇਲੇ ਨੂੰ ਸਫਲ ਬਣਾਉਣ ਅਤੇ ਦਮਦਮਾ ਸਾਹਿਬ ਦੀ ਸਾਹਿਤਕ ਪਰੰਪਰਾ ਨੂੰ ਹੋਰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਉਣ।

## ਬਜਟ 'ਚ ਪੰਜਾਬ ਨਾਲ ਕੀਤਾ ਵਿਤਕਰਾ, ਕੋਈ ਵੱਡਾ ਪ੍ਰੋਜੈਕਟ ਨਹੀਂ ਦਿੱਤਾ- ਗੁਰਬਾਜ਼ ਸਿੱਧੂ

ਤਲਵੰਡੀ ਸਾਬੋ, 01 ਫਰਵਰੀ (ਗੁਰਜੰਟ ਸਿੰਘ ਨਥੇਹਾ)- ਕੇਂਦਰ ਦੀ ਭਾਜਪਾ ਸਰਕਾਰ ਦੇ ਖਜ਼ਾਨਾ ਮੰਤਰੀ ਵੱਲੋਂ ਅੱਜ ਪੇਸ਼ ਕੀਤੇ ਦੇਸ਼ ਦੇ ਬਜਟ 'ਚ ਪੰਜਾਬ ਨਾਲ ਪੂਰੀ ਤਰਾਂ ਵਿਤਕਰਾ ਕੀਤਾ ਗਿਐ ਅਤੇ ਪੰਜਾਬ ਨੂੰ ਕੋਈ ਵੱਡਾ ਪ੍ਰੋਜੈਕਟ ਨਹੀਂ ਦਿੱਤਾ ਗਿਆ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਪੁੱਤਰ ਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਐਥੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਫਸਲਾਂ 'ਤੇ ਘੱਟੋ-ਘੱਟ ਸਮੱਰਥਨ ਮੁੱਲ ਦੀ ਮੰਗੀ ਜਾ ਰਹੀ ਗਾਰੰਟੀ ਨੂੰ ਬਜਟ ਚ ਕੋਈ ਥਾਂ ਨਹੀ ਦਿੱਤੀ ਗਈ ਤੇ ਸੂਬੇ ਦੇ ਕਿਸਾਨਾਂ/ਮਜ਼ਦੂਰਾਂ ਲਈ ਵੀ ਕਿਸੇ ਵਿਸ਼ੇਸ਼ ਰਿਆਇਤ ਦਾ ਐਲਾਨ ਨਹੀਂ ਕੀਤਾ ਗਿਆ।ਉਹਨਾਂ ਕਿਹਾ ਕਿ ਕੋਈ ਹੋਰ ਪ੍ਰੋਜੈਕਟ ਤਾਂ ਸੂਬੇ ਨੂੰ ਕੀ ਦੇਣਾ ਸੀ ਸਗੋਂ ਰੇਲਵੇ ਵਿਸਥਾਰ ਤਹਿਤ ਵੀ ਪੰਜਾਬ ਨੂੰ ਵਿਸਾਰ ਦਿੱਤਾ ਗਿਆ ਜਦੋਂਕਿ ਰੇਲ ਰਾਜ ਮੰਤਰੀ ਖੁਦ ਪੰਜਾਬ ਤੋਂ ਹੈ।ਸਿੱਧੂ ਮੁਤਾਬਿਕ ਇਨਕਮ ਟੈਕਸ ਸਲੈਬ 'ਚ ਕੋਈ ਬਦਲਾਅ ਨਾ ਹੋਣ ਕਾਰਣ ਨੌਕਰੀਪੇਸ਼ਾ ਲੋਕਾਂ ਲਈ ਵੀ ਇਹ ਬਜਟ ਫਿੱਕਾ ਰਿਹਾ। ਉਨਾਂ ਕਿਹਾ ਕਿ ਖਜ਼ਾਨਾ ਮੰਤਰੀ ਨੇ ਬਜਟ ਪੇਸ਼ ਕਰਨ ਸਮੇਂ ਕਿਹਾ ਕਿ ਅਸੀਂ ਸਤਿਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਮੌਕੇ ਬਜਟ ਪੇਸ਼ ਕਰ ਰਹੇ ਹਾਂ ਪਰ ਬਜਟ ਦੌਰਾਨ ਸਤਿਗੁਰੂ ਰਵਿਦਾਸ ਜੀ ਦੇ ਨਾਂ 'ਤੇ ਕਿਸੇ ਕੇਂਦਰੀ ਯੋਜਨਾ ਦਾ ਐਲਾਨ ਨਹੀਂ ਕੀਤਾ ਗਿਆ ਜਿਸ ਤੋਂ ਪਤਾ ਲਗਦਾ ਹੈ ਕਿ ਭਾਜਪਾ ਨੂੰ ਸਤਿਗੁਰੂ ਰਵਿਦਾਸ ਪ੍ਰਤੀ ਕੋਈ ਸਤਿਕਾਰ ਨਹੀਂ ਹੈ। ਸਿੱਧੂ ਨੇ ਬਜਟ ਨੂੰ ਪੂਰੀ ਤਰਾਂ ਦਿਸ਼ਾਹੀਣ ਕਰਾਰ ਦਿੱਤਾ ਜਿਸ ਨਾਲ ਸਮਾਜ ਦੇ ਕਿਸੇ ਵਰਗ ਨੂੰ ਕੋਈ ਫਾਇਦਾ ਨਹੀਂ ਹੋਣਾ।



## 12 ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 'ਤੇ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੀਆਂ ਦੂਲਵਾਂ

ਪਟਿਆਲਾ ( ਰਣਜੀਤ ਸਿੰਘ ਪੇਧਨੀ ) ਸਿੱਖ ਕੌਮ ਦੀ ਅਜਾਦੀ ਦੇ ਮੁਜੱਸਮੇਂ, ਕੌਮੀ ਨਾਇਕ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆ ਦੇ 79ਵੇਂ ਜਨਮ ਦਿਹਾੜੇ ਦੇ ਸਬੰਧ ਵਿੱਚ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸ, ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸ੍ਰੀ ਫਤਿਹਗੜ ਸਾਹਿਬ ਵਿਖੇ 12 ਫਰਵਰੀ ਨੂੰ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ।ਜਿਸ ਵਿੱਚ ਪੰਜਾਬ ਭਰ ਤੋਂ ਲੋਕ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ( ਅ) ਯੂਥ ਵਿੰਗ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਦੂਲਵਾਂ ਨੇ ਕੀਤਾ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਵਾਲਿਆਂ ਦਾ ਮਾਰਗ ਦਰਸਕ ਕੌਮ ਲਈ ਪ੍ਰੇਰਨਾ ਸ੍ਰੋਤ ਹੈ ਤੇ ਕੌਮ ਦੀ ਅਜਾਦੀ ਲਈ ਸੰਘਰਸ ਨੂੰ ਜਾਰੀ ਰੱਖਣ ਲਈ ਹਰ ਪੰਥ ਦਰਦੀ ਨੂੰ ਸੰਤ ਭਿੰਡਰਾਵਾਲਿਆਂ ਦੇ ਇੰਨਾ ਜਨਮ ਦਿਹਾੜੇ ਦੇ ਸਮਾਗਮਾਂ ਵਿੱਚ ਸਾਮਿਲ ਹੋਣਾ ਚਾਹੀਦਾ ਹੈ ।ਉਨ੍ਹਾਂ ਕਿਹਾ ਕਿ ਸੰਤ ਭਿੰਡਰਾਵਾਲਿਆ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਸ੍ਰੀ ਫਤਿਹਗੜ ਸਾਹਿਬ ਵਿਖੇ ਜੋ ਸਮਾਗਮ ਹੋ ਰਹੇ ਹਨ ਉਹ ਇਤਿਹਾਸਿਕ ਸਾਬਿਤ ਹੋਣਗੇ, ਜਿਸ ਸਮੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਹੋਰ ਸਿੱਖ ਜੱਥੇਬੰਦੀਆਂ ਤੇ ਆਗੂ ਸਾਮਿਲ ਹੋਣਗੇ ।ਉਨਾ ਕਿਹਾ ਕਿ ਕੌਮੀ ਦਿਹਾੜਿਆਂ ਤੇ ਅਡੋਲ ਮੀਰੀ ਪੀਰੀ ਦੀ ਸੋਚ ਦੇ ਅਧਾਰਿਤ ਪਾਰਟੀ ਵੱਲੋਂ ਸਮਾਗਮ ਕਰਵਾਏ ਜਾਂਦੇ ਹਨ ਤਾਂ ਜੋ ਸੰਗਤਾਂ ਵਿੱਚ ਕੌਮੀ ਅਜਾਦੀ ਦੇ ਸੰਘਰਸ ਨੂੰ ਲੈ ਕੇ ਆਰੰਭੇ ਸੰਘਰਸ ਸਬੰਧੀ ਜਾਗੁਰਿਕਤਾ ਪੈਦਾ ਕੀਤੀ ਜਾ ਸਕੇ ।ਉਨਾ ਕਿਹਾ ਕਿ ਸ੍ਰੋਮਣੀ ਅਕਾਲੀ ਦਲ (ਅ) ਇਕੋ ਇਕ ਪਾਰਟੀ ਹੈ ਜੋ ਕਿ ਸਿੱਖ ਕੌਮ ਦੀ ਅਜਾਦੀ ਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆ ਦੀ ਸੋਚ ਨੂੰ ਘਰ ਘਰ ਪਹਚਾਉਣ ਲਈ ਬਚਨਵੱਧ ਹੈ।



ਜਿਲਾ ਅੰਮ੍ਰਿਤਸਰ ਦੇ ਹਲਕਾ ਰਾਜਾਸਾਂਸੀ ਵਿੱਚ ਅਕਾਲੀ ਦਲ ( ਵਾਰਿਸ ਪੰਜਾਬ ਦੇ ) ਵੱਲੋਂ

# ਵਿਸ਼ਾਲ ਪੰਥਕ ਕਾਨਫ਼ਰੰਸ




**ਰਾਜਾਸਾਂਸੀ 1 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਅੱਜ ਜਿਲਾ ਅੰਮ੍ਰਿਤਸਰ ਦੇ ਹਲਕਾ ਰਾਜਾਸਾਂਸੀ ਵਿੱਚ ਇੱਕ ਵਿਸ਼ਾਲ ਤੇ ਇਤਿਹਾਸਕ ਪੰਥ ਬਚਾਓ ਪੰਜਾਬ ਬਚਾਓ ਕਾਨਫ਼ਰੰਸ ਭਾਈ ਦਲਜੀਤ ਸਿੰਘ ਮਿਆਦੀਆਂ ਦੀ ਅਗਵਾਈ ਵਿੱਚ ਕੀਤੀ ਗਈ। ਜਿਥੇ ਉਚੇਚੇ ਤੌਰ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਪਿਤਾ ਬਾਪੂ ਤਰਸੇਮ ਸਿੰਘ ਜੀ ਅਤੇ




ਪਾਰਟੀ ਲੀਡਰਸ਼ਿਪ ਵਿੱਚੋਂ ਮੁੱਖ ਤੌਰ ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਸਰਬਜੀਤ ਸਿੰਘ ਖ਼ਾਨਪੁਰ, ਭਾਈ ਪ੍ਰਗਟ ਸਿੰਘ ਮੀਆਂਵਿੰਡ, ਭਾਈ ਚਮਕੌਰ ਸਿੰਘ ਧੁੰਨ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਸੁਖਬੀਰ ਸਿੰਘ ਵਲਟੋਹਾ, ਭਾਈ ਸਰਬਜੀਤ ਸਿੰਘ ਬੈਕਾ, ਭਾਈ ਰਜਿੰਦਰ ਸਿੰਘ ਤਲਵੰਡੀ, ਭਾਈ ਜਸਕਰਨ ਸਿੰਘ ਰਿਆੜ, ਭਾਈ ਚਰਨਜੀਤ ਸਿੰਘ ਗਾਲਿਬ ਤੋਂ ਇਲਾਵਾ ਵੱਖ-ਵੱਖ ਪਿੰਡਾਂ ਤੋ ਪੰਚ ਸਰਪੰਚ ਅਤੇ ਗਿਣਤੀ ਵਿੱਚ ਮੋਹਤਬਰਾਂ ਸਮੇਤ ਸੰਗਤਾਂ ਹਾਜ਼ਰ ਸਨ।ਇਸ ਵਿਸ਼ਾਲ ਕਾਨਫ਼ਰੰਸ ਦੌਰਾਨ ਹਲਕੇ ਭਰ ਤੋਂ ਪਾਰਟੀ ਦੇ ਵਰਕਰਾਂ, ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਅਤੇ ਮਾਤਾ-ਭੈਣਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਪਾਰਟੀ ਦੀ ਨੀਤੀ ਅਤੇ ਸੰਘਰਸ਼ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਅਤੇ ਪੰਜਾਬ ਵਿੱਚ ਵੱਧ ਰਹੀ ਬੇਰੁਜ਼ਗਾਰੀ, ਨਸ਼ਿਆਂ ਦੀ ਮਹਾਂਮਾਰੀ, ਕਿਸਾਨਾਂ ਦੀ ਬਰਬਾਦ ਹੋ ਰਹੀ ਆਰਥਿਕਤਾ, ਸਿੱਖ ਨੌਜਵਾਨਾਂ ਉੱਤੇ ਝੂਠੇ ਕੇਸ, ਬੰਦੀ ਸਿੰਘਾਂ ਦੀ ਅਵਾਜ਼ ਨੂੰ ਜ਼ਬਰਦਸਤੀ ਦਬਾਉਣ ਵਰਗੇ ਗੰਭੀਰ ਮੁੱਦਿਆਂ ਨੂੰ ਕੇਂਦਰ ਵਿੱਚ ਰੱਖਦਿਆਂ ਸਰਕਾਰਾਂ ਖ਼ਿਲਾਫ਼ ਤਿੱਖਾ ਰੋਸ ਪ੍ਰਗਟ ਕੀਤਾ ਗਿਆ। ਇਸ ਮੌਕੇ ਤੇ ਬਾਪੂ ਤਰਸੇਮ ਸਿੰਘ ਜੀ ਨੇ ਸਟੇਜ ਤੋਂ ਬੋਲਦਿਆਂ ਆਪਣੇ ਸੰਬੋਧਨਾਂ ਵਿੱਚ ਪੰਜਾਬ ਦੀ ਮੌਜੂਦਾ ਸਿਆਸੀ, ਸਮਾਜਿਕ ਅਤੇ ਆਰਥਿਕ ਸਥਿਤੀ ‘ਤੇ ਗੰਭੀਰ ਚਿੰਤਾ ਜ਼ਾਹਿਰ ਕਰਦਿਆਂ ਲੋਕਾਂ ਨੂੰ ਜਾਗਰੂਕ ਹੋ ਕੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।ਉਹਨਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਕੋਈ ਸੱਤਾ ਦੀ ਲਾਲਚ ਵਾਲੀ ਪਾਰਟੀ ਨਹੀਂ, ਸਗੋਂ ਇਹ ਪੰਥਕ ਸੋਚ, ਇਨਸਾਫ਼ ਅਤੇ ਸਰਬੱਤ ਦੇ ਭਲੇ ਦੇ ਅਸੂਲਾਂ ‘ਤੇ ਚੱਲਣ ਵਾਲੀ ਲੋਕਾਂ ਦੀ ਆਵਾਜ਼ ਹੈ ਅਤੇ ਪੰਜਾਬ ਨੂੰ ਲੁੱਟਣ ਵਾਲੀਆਂ ਪੁਰਾਣੀਆਂ ਤੇ ਮੌਜੂਦਾ ਸਰਕਾਰਾਂ ਨੇ ਲੋਕਾਂ ਦੇ ਭਰੋਸੇ ਨਾਲ ਧੋਖਾ ਕੀਤਾ ਹੈ, ਜਿਸਦਾ ਹਿਸਾਬ ਲੋਕ ਜਲਦੀ ਲੈਣਗੇ। ਇਸ ਮੌਕੇ ਤੇ ਨੌਜਵਾਨਾਂ ਵੱਲੋਂ ਪੰਜਾਬ ਬਚਾਓ, ਨਸ਼ਾ ਮੁਕਤ ਪੰਜਾਬ, ਕਿਸਾਨ-ਮਜ਼ਦੂਰ ਏਕਤਾ ਅਤੇ ਸਿੱਖ ਨੌਜਵਾਨਾਂ ਦੀ ਰਿਹਾਈ ਸਬੰਧੀ ਨਾਅਰੇ ਲਗਾਏ ਗਏ, ਜਿਸ ਨਾਲ ਪੂਰਾ ਮਾਹੌਲ ਪੰਥਕ ਅਤੇ ਇਨਕਲਾਬੀ ਰੂਪ ਧਾਰ ਗਿਆ। ਹੋਰ ਮੁੱਖ ਆਗੂਆਂ ਸੰਬੋਧਨ ਕਰਦਿਆਂ ਸਪਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਆਉਣ ਵਾਲੇ ਸਮੇਂ ਵਿੱਚ ਹਰ ਹਲਕੇ, ਹਰ ਪਿੰਡ ਅਤੇ ਹਰ ਸ਼ਹਿਰ ਵਿੱਚ ਲੋਕਾਂ ਨੂੰ ਜੋੜ ਕੇ ਇਕ ਵੱਡਾ ਲੋਕ ਅੰਦੋਲਨ ਖੜ੍ਹਾ ਕਰੇਗਾ, ਤਾਂ ਜੋ ਪੰਜਾਬ ਨੂੰ ਉਸਦਾ ਹੱਕ, ਇੱਜ਼ਤ ਅਤੇ ਅਧਿਕਾਰ ਵਾਪਸ ਦਿਵਾਏ ਜਾ ਸਕਣ। ਹਲਕਾ ਰਾਜਾਸਾਂਸੀ ਦੀ ਇਸ ਕਾਨਫ਼ਰੰਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦਾ ਆਮ ਲੋਕ ਹੁਣ ਝੂਠੇ ਵਾਅਦਿਆਂ, ਦੋਮੂਹੀਂ ਸਿਆਸਤ ਅਤੇ ਸਰਕਾਰੀ ਜ਼ਬਰ ਤੋਂ ਤੰਗ ਆ ਚੁੱਕਾ ਹੈ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਖੜ੍ਹ ਕੇ ਸੰਘਰਸ਼ ਦਾ ਰਾਹ ਅਪਣਾਉਣ ਲਈ ਤਿਆਰ ਹੈ। ਅੰਤ ਵਿੱਚ ਭਾਈ ਦਲਜੀਤ ਸਿੰਘ ਮਿਆਦੀਆਂ ਵੱਲੋਂ ਰਾਜਾਸਾਂਸੀ ਹਲਕੇ ਦੇ ਸਮੂਹ ਲੋਕਾਂ, ਪਾਰਟੀ ਵਰਕਰਾਂ ਅਤੇ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਵਿਸ਼ਾਲ ਰੈਲੀ ਨੂੰ ਕਾਮਯਾਬ ਬਣਾਇਆ।

**ਪੰਜਾਬ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਲੋਕਾਂ ਦਾ ਜਨਸੈਲਾਬ, ਪੰਥਕ ਤੇ ਸਿਆਸੀ ਚੇਤਨਾ ਦਾ ਪ੍ਰਗਟਾਵਾ**

ਮੌਡਰਨ ਜਮਾਨੇ ਦੀ ਭੇਟ ਚੜ੍ਹੀਆਂ ਪਿੰਡਾਂ ਦੀਆਂ

# ਸੱਥਾਂ ਅਤੇ ਸਾਂਝੀਆਂ ਜਗ੍ਹਾ ਤੇ ਹੋਏ ਨਜਾਇਜ ਕਬਜੇ



**ਜੰਡਿਆਲਾ ਗੁਰੂ, 1 ਫਰਵਰੀ (ਕੁਲਵੰਤ ਸਿੰਘ ਵਿਰਦੀ )**-ਅੱਜ ਤੋਂ ਕੁਝ ਸਾਲ ਪਹਿਲਾਂ ਪਿੰਡਾਂ ਦਾ ਮਾਹੌਲ ਕਿਸੇ ਸਵਰਗ ਨਾਲੋਂ ਘੱਟ ਨਹੀਂ ਸੀ ਹੁੰਦਾ।ਉਸ ਸਮੇਂ ਦੇ ਬਾਬੇ ਬਾਪੂ ਦਾਦੇ ਪੜਦਾਦੇ ਸਭ ਇਕ ਹੀ ਥਾਂ ਉੱਤੇ ਇਕੱਠੇ ਹੁੰਦੇ ਸਨ। ਜਿਨਾਂ ਬਾਰੇ ਬਜੁਰਗਾਂ ਕੋਲੋਂ ਸੁਨਣ ਨੂੰ ਮਿਲਦਾ ਸੀ ਅਤੇ ਕੁਝ ਸਮਾਂ ਅੱਖੀ ਡਿੱਠਾ ਹੰਢਾਇਆ ਵੀ ਗਿਆ ਹੈ ਅਤੇ ਪਿੰਡ ਦੀਆਂ ਸਾਂਝੀਆਂ ਜਗ੍ਹਾ ਉਪਰ ਪਿੰਡ ਦੇ ਲੋਕ ਇਕੱਠੇ ਬੈਠਦੇ ਸਨ ਜਿਸ ਨੂੰ ਪਿੰਡ ਦੀ ਸੱਥ ਕਿਹਾ ਜਾਂਦਾ ਸੀ ।ਅਤੇ ਉਸ ਸਮੇਂ ਕਿੰਨਾ ਵਧੀਆ ਤੇ ਇਕ ਦੂਜੇ ਨਾਲ ਮਿਲਵਰਤਨ ਵਾਲਾ ਸਮਾਂ ਹੁੰਦਾ ਸੀ ਅਤੇ ਜਦੋਂ ਬੱਚੇ ਸਕੂਲੋਂ ਛੁੱਟੀ ਹੋਣ ਉਪਰੰਤ ਉਸੇ ਹੀ ਸੱਥ ਹੇਠਾਂ ਆ ਕੇ ਰਲ ਮਿਲ ਕੇ ਵੱਖ ਵੱਖ ਖੇਡਾਂ ਖੇਡਿਆ ਕਰਦੇ ਸਨ ।ਜਿਸ ਵਿੱਚ ਗੁਲੀ ਡੰਡਾ, ਬਰੰਟੇ, ਪਿੱਠੂ ਬਾਲ ਅਤੇ ਲੁਕਣ ਮਿਚੀ, ਚੋਰ ਸਿਪਾਹੀ ਆਦਿ ਖੇਡਾਂ ਸ਼ਾਮਲ ਹੁੰਦੀਆਂ ਸਨ ਅਤੇ ਬਜ਼ੁਰਗ ਵੀ ਉਸੇ ਹੀ ਸੱਥ ਹੇਠ ਬੈਠ ਕੇ ਤਾਸ਼ ਦੇ ਪੱਤਿਆਂ ਨਾਲ ਆਪਣਾ ਦਿਲ ਪਰਚਾਵਾ ਕਰਿਆ ਕਰਦੇ ਸਨ।। ਅਤੇ ਇੱਕ ਦੂਸਰੇ ਨਾਲ ਹਾਸਾ ਠੱਠਾ ਵੀ ਕਰਿਆ ਕਰਦੇ ਸਨ।ਅਤੇ ਬੱਚਿਆਂ ਦੀ ਰੌਣਕ ਵੀ ਮਨ ਨੂੰ ਸਕੂਨ ਦੇਣ ਵਾਲੀ ਹੁੰਦੀ ਸੀ। ਅਤੇ ਉੱਥੇ ਹੀ ਬੈਠ ਕੇ ਪਾਣੀ ਮੰਗਵਾ ਕੇ ਪੀਆ ਕਰਦੇ ਸਨ ਨਾ ਕੋਈ ਨਿੰਦ ਵਿਚਾਰ ਨਾ ਈਰਖਾ ਨਾ ਵੈਰ ਵਿਰੋਧ ਬਸ ਸਕੂਨ ਭਰੀ ਜ਼ਿੰਦਗੀ ਜੀਆ ਕਰਦੇ ਸਨ।। ਇਹ ਤੇ ਬਹੁਤ ਹੀ ਵਧੀਆ ਮਾਹੌਲ ਹੁੰਦਾ ਸੀ। ਜੇਕਰ ਕਿਸੇ ਘਰ ਦੇ ਮੈਂਬਰ ਨੇ ਬਾਪੂ ਨੂੰ ਲੱਭਣਾ ਹੁੰਦਾ ਸੀ ਇਹ ਤਾਂ ਉਹਨਾਂ ਕੋਲ ਕੋਈ ਫੋਨ ਵੀ ਨਹੀਂ ਸੀ ਹੁੰਦੇ ਬਸ ਸਿੱਧਾ ਹੀ ਉਸ ਸੱਥ ਹੇਠਾਂ ਜਾ ਕੇ ਮਿਲ ਲੈਂਦੇ ਸਨ, ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਸੀ ਕਿ ਸੱਥ ਤੋਂ ਇਲਾਵਾ ਹੋਰ ਕੋਈ ਬਜ਼ੁਰਗਾਂ ਦੇ ਬੈਠਣ ਵਾਲੀ ਜਗ੍ਹਾ ਨਹੀਂ ਸੀ ਹੁੰਦੀ। ਅਤੇ ਸਾਮ ਵੇਲੇ ਪਿੰਡ ਵਿੱਚ ਇਕ ਮੱਕੀ ਕਣਕ ਆਦਿ ਨੂੰ ਭੁਨਣ ਲਈ ਇਕ ਭੱਠੀ ਹੋਇਆ ਕਰਦੀ ਸੀ ਜਿਥੋਂ ਮੱਕੀ ਆਦਿ ਦੇ ਦਾਣੇ ਭੁੰਨਕੇ ਖਾਇਆ ਕਰਦੇ ਸਨ ਪਰ ਸਮੇਂ ਦੀ ਤੇਜ ਰਫਤਾਰ ਨਾਲ ਇਹ ਪੁਰਾਤਨ ਸੱਭਿਆਚਾਰ ਵਿਰਸਾ ਨਵੇਂ ਯੁੱਗ ਅਤੇ ਸਿਆਸਤ ਦੀ ਭੇਟ ਚੜ੍ਹ ਗਿਆ ਅਤੇ ਸਮੇਂ ਨੇ ਸਭ ਕੁਝ ਹੀ ਸਾਡਾ ਵਿਰਸਾ ਗੀਤੀ ਰਿਵਾਜ਼ ਬਜ਼ੁਰਗਾਂ ਦੀਆਂ ਰੌਣਕਾਂ ਬੱਚਿਆਂ ਦੀਆਂ ਖੇਡਾਂ, ਪਿੰਡਾਂ ਦੀਆਂ ਸੱਥਾਂ, ਸਭ ਕੁਝ ਹੀ ਗਾਇਬ ਕਰ ਦਿੱਤੇ। ਹੁਣ ਤਾਂ ਬਹੁਤੇ ਪਿੰਡਾਂ ਵਿੱਚ ਸੱਥ ਰਹਿਣ ਹੀ ਨਹੀਂ ਦਿੱਤੀ ਗਈ, ਜੇਕਰ ਕੋਈ ਸੱਥ ਹੈ ਵੀ ਤਾਂ ਉਸਨੂੰ ਭਗੂੰੜੇ ਆਦਿ ਲਗਾ ਕੇ ਮਾਡਰਨ ਸੱਥ ਬਣਾ ਦਿੱਤਾ ਗਿਆ ਹੈ।, ਜੇਕਰ ਕੋਈ ਪੁਰਾਣੀ ਸੱਥ ਹੈ ਤਾਂ ਉਸ ਵਿੱਚ ਬੈਠਣ ਵਾਲੇ ਬਜ਼ੁਰਗ ਨਹੀਂ ਰਹੇ ਅਤੇ ਜਿਆਦਾਤਰ ਸਾਂਝੀਆਂ ਜਗ੍ਹਾ ਸੱਥਾਂ ਉਪਰ ਸਿਆਸਤਦਾਨਾਂ ਨੇ ਕਬਜੇ ਕਰਕੇ ਉਨਾਂ ਸੱਥਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ ਗੱਲ ਕੀਤੀ ਜਾਵੇ ਤਾਂ ਸੱਥਾਂ ਵਿੱਚ ਗਾਇਬ ਹੋਈਆਂ ਰੌਣਕਾਂ ਦੀ ਦੂਜੀ ਵਜਾ ( ਕਾਰਨ )ਘਰਾਂ ਵਿੱਚ ਲੱਗੇ ਅਰਾਮਦਾਇਕ 13 ਅਤੇ ਮੌਡਰਨ ਐਲ ਸੀਡੀਆਂ ਵੀ ਹਨ। ਪਿੰਡਾਂ ਵਿੱਚ ਗਾਇਬ ਹੋਈਆਂ ਸੱਥਾ ਦੀਆਂ ਰੌਣਕਾਂ ਤੇ ਏ ਸੀ ਨੇ ਵੀ ਆਪਣੀ ਪੂਰੀ ਪਕੜ ਜਮਾ ਰੱਖੀ ਹੈ। ਹੁਣ ਤਾਂ ਅੱਧਾ ਪੰਜਾਬ ਬਾਹਰਲੇ ਦੇਸਾਂ ਵਿੱਚ ਵੱਸਕਿ ਪ੍ਰਦੇਸੀ ਹੋ ਗਏ ਹਨ ਤੇ ਉਹ ਆਪਣੇ ਬਜ਼ੁਰਗਾਂ ਨੂੰ ਵੀ ਆਪਣੇ ਨਾਲ ਹੀ ਲੈ ਗਏ ਹਨ ਜੋ ਕਿ ਪਿੰਡ ਦੀਆਂ ਕਿਸੇ ਟਾਈਮ ਤੇ ਰੌਣਕਾਂ ਹੋਇਆ ਕਰਦੇ ਸਨ। ਅਤੇ ਕੁਝ ਬਜ਼ੁਰਗ ਸਾਂਭ ਸੰਭਾਲ ਦੇ ਕਾਰਣ ਬਿਰਧ ਆਸ਼ਰਮ ਵਿੱਚ ਜਿੰਦਗੀ ਕੱਟ ਰਹੇ ਹਨ। ਸੋ ਗੱਲ ਕੀਤੀ ਜਾਵੇ ਕਿ ਬਜ਼ੁਰਗਾਂ ਦੀ ਘਾਟ ਦੇ ਕਾਰਨ ਪਿੰਡਾਂ ਦੀਆਂ ਸੱਥਾਂ ਦੀਆਂ ਰੌਣਕਾਂ ਗਾਇਬ ਹੋ ਗਈਆਂ ਹਨ।

## ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੀ ਸਮੁੱਚੀ ਮਨੁੱਖਤਾ ਨੂੰ ਬਹੁਤ ਵੱਡੀ ਦੇਣ - ਸ. ਤਲਬੀਰ ਸਿੰਘ ਗਿੱਲ



**ਚੌਕ ਮਹਿਤਾ, 1 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੱਜ ਹਲਕਾ ਮਜੀਠਾ ਦੇ ਪਿੰਡ ਉੱਦੋਕੇ ਵਿੱਚ ਗੁਰਦੁਆਰਾ ਸ਼੍ਰੀ ਥੰਮ ਸਾਹਿਬ ਵਿਖੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦਾ ਜਨਮਦਿਨ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਇਸ ਮੌਕੇ ਸਰਦਾਰ ਤਲਬੀਰ ਸਿੰਘ ਗਿੱਲ ਹਲਕਾ ਇੰਚਾਰਜ ਮਜੀਠਾ ਆਮ ਆਦਮੀ ਪਾਰਟੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੀ ਮਨੁੱਖਤਾ ਨੂੰ ਬਹੁਤ ਵੱਡੀ ਦੇਣ ਹੈ ਇੱਕ ਪਛੜੇ ਸਮਾਜ ਵਿੱਚੋਂ ਉੱਠ ਕੇ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਕੇ ਪਛੜੇ ਤੇ ਦੱਬੇ ਕੁਚਲੇ ਲੋਕਾਂ ਨੂੰ ਅਣਖ ਨਾਲ ਜਿਉਣ ਦਾ ਉਹਨਾਂ ਨੇ ਲੋਕਾਂ ਨੂੰ ਵਲ ਦੱਸਿਆ ਉਹਨਾਂ ਕਿਹਾ ਕਿ ਦੱਬੇ ਕੁਚਲੇ ਸਮਾਜ ਨੂੰ ਦ੍ਰਿੜਤਾ ਨਾਲ ਜਿਉਣ ਦਾ ਢੰਗ ਗੁਰੂ ਜੀ ਨੇ ਆਪਣੀ ਬਾਣੀ ਵਿੱਚ ਲਿਖਿਆ ਹੈ ਗਿੱਲ ਜੀ ਨੇ ਕਿਹਾ ਕਿ ਗੁਰੂ ਜੀ ਨੇ ਸਾਨੂੰ ਸਾਰਿਆਂ ਨੂੰ ਦਿਤੇ ਉਪਦੇਸ਼ ਜੋ ਕਿ ਗੁਰਬਾਣੀ ਵਿੱਚ ਦਰਜ ਹਨ ਦੇ ਅਨੁਸਾਰ ਸਾਨੂੰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਸਰਦਾਰ ਗਿੱਲ ਨੇ ਕਿਹਾ ਕਿ ਭਗਤ ਰਵਿਦਾਸ ਜੀ ਨੇ ਇੱਕ ਬੇਗਮਪੁਰ ਸ਼ਹਿਰ ਦੀ ਕਲਪਨਾ ਕੀਤੀ ਹੈ ਜਿਸ ਵਿੱਚ ਹਰ ਸਮਾਜ ਦੇ ਹਰ ਵਰਗ ਦੇ ਲਈ ਬਰਾਬਰ ਦੇ ਅਧਿਕਾਰ ਹੋਣਗੇ ਜਿੱਥੇ ਰੰਗ ਨਸਲ ਜਾਤ ਊਚ ਨੀਚ ਭਿੰਨ ਭੇਦ ਨਹੀਂ ਹੋਏਗਾ, ਗਿੱਲ ਜੀ ਨੇ ਬੋਲਦਿਆਂ ਕਿਹਾ ਕਿ ਸਾਨੂੰ ਗੁਰੂ ਜੀ ਦੇ ਦਰਸਾਏ ਹੋਏ ਮਾਰਗ ਤੇ ਚਲਣਾ ਚਾਹੀਦਾ ਇਸ ਮੌਕੇ ਉਹਨਾਂ ਸਮੂਹ ਸੰਗਤਾਂ ਨੂੰ ਗੁਰੂ ਭਗਤ ਰਵਿਦਾਸ ਜੀ ਦੇ ਜਨਮਦਿਨ ਦੀ ਮੁਬਾਰਕਬਾਦ ਦਿੱਤੀ ਇਸ ਮੌਕੇ ਉਹਨਾਂ ਨਾਲ ਆਮ ਆਦਮੀ ਪਾਰਟੀ ਦੇ ਜਿਲਾ ਪ੍ਰਧਾਨ ਬਲਬੀਰ ਸਿੰਘ ਬੋਪਾਰਾਏ ਬਲੋਕ ਪ੍ਰਧਾਨ ਮਨਜੀਤ ਸਿੰਘ ਟਾਹਲੀ ਸਾਹਿਬ ਨਿਸ਼ਾਨ ਸਿੰਘ ਅਰਜਨ ਮਾਂਗਾ ਮੀਡੀਆ ਕੋਆਰਡੀਨੇਟਰ ਸਰਪੰਚ ਅਮਰਜੀਤ ਕੌਰ ਉਦੋਕੇ ਸਰਪੰਚ ਹਰਜੀਤ ਸਿੰਘ ਉਦੋਕੇ ਜੋਗਾ ਸਿੰਘ ਉਦੋਕੇ ਕੁਲਵਿੰਦਰ ਸਿੰਘ ਉਦੋਕੇ ਯੂਥ ਪ੍ਰਧਾਨ ਸਰਪੰਚ ਸੁਖਵਿੰਦਰ ਸਿੰਘ ਰਾਮਦਵਾਲੀ ਇੰਦਰ ਸਿੰਘ ਉਦੋਕੇ ਗੁਰ ਪ੍ਰਤਾਪ ਸਿੰਘ ਜੀ ਅਤੇ ਹੋਰ ਵੀ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਸਾਧ ਸੰਗਤਾਂ ਮੌਕੇ ਤੇ ਹਾਜ਼ਰ ਸਨ

## ਸ਼ੇਅਰ ਬਾਜ਼ਾਰ ਵਿਚ ਹਾ-ਹਾਕਾਰ, ਬਜਟ ਵਾਲੇ ਦਿਨ ਕਰੋੜਾਂ ਰੁਪਏ ਦਾ ਹੋਇਆ ਨੁਕਸਾਨ



**ਨਵੀਂ ਦਿੱਲੀ, 1 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਘਰੇਲੂ ਸਟਾਕ ਮਾਰਕੀਟ ਵਿੱਚ ਭਿਆਨਕ ਗਿਰਾਵਟ ਦੇਖਣ ਨੂੰ ਮਿਲੀ। ਐਤਵਾਰ ਨੂੰ, ਬੀਐਸਈ ਸੈਂਸੈਕਸ 80,722.94 ਅੰਕਾਂ ’ਤੇ ਬੰਦ ਹੋਇਆ, ਜੋ ਕਿ 1546.84 ਅੰਕਾਂ (1.88%) ਦੀ ਵੱਡੀ ਗਿਰਾਵਟ ਹੈ। ਜਦੋਂ ਕਿ ਐਨਐਸਈ ਨਿਫਟੀ 50 ਇੰਡੈਕਸ 24,825.45 ਅੰਕਾਂ ’ਤੇ ਬੰਦ ਹੋਇਆ, ਜੋ ਕਿ 495.20 ਅੰਕਾਂ (1.96%) ਦੀ ਗਿਰਾਵਟ ਹੈ। ਬਜਟ ਵਾਲੇ ਦਿਨ ਹਰੇ ਰੰਗ ਵਿੱਚ ਖੁੱਲ੍ਹਿਆ ਬਾਜ਼ਾਰ ਬਜਟ ਭਾਸ਼ਣ ਸ਼ੁਰੂ ਹੋਣ ਤੋਂ ਬਾਅਦ ਕੁਝ ਸਮੇਂ ਲਈ ਤੇਜ਼ੀ ਨਾਲ ਵਧਿਆ, ਪਰ ਜਦੋਂ ਇਹ ਡਿੱਗਣਾ ਸ਼ੁਰੂ ਹੋਇਆ, ਤਾਂ ਇਸ ਨੇ ਨਿਵੇਸ਼ਕਾਂ ਨੂੰ ਖੂਨ ਦੇ ਹੰਝੂ ਰੋਣ ਲਈ ਮਜਬੂਰ ਕਰ ਦਿੱਤਾ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੁਆਰਾ ਫਿਊਚਰਜ਼ ਅਤੇ ਵਿਕਲਪ ਵਪਾਰ ’ਤੇ ਲਗਾਏ ਗਏ ਐਸਟੀਟੀ (ਸਿਕਿਓਰਿਟੀਜ਼ ਟ੍ਰਾਂਜੈਕਸ਼ਨ ਟੈਕਸ) ਵਿੱਚ ਵਾਧੇ ਦਾ ਐਲਾਨ ਕਰਨ ਤੋਂ ਬਾਅਦ ਬਾਜ਼ਾਰ ਵਿੱਚ ਵਿਕਰੀ ਸ਼ੁਰੂ ਹੋਈ ਅਤੇ ਤੇਜ਼ੀ ਨਾਲ ਡੂੰਘੀ ਹੋ ਗਈ। ਵਿੱਤੀ ਸਾਲ 2026-27 ਲਈ ਪੇਸ਼ ਕੀਤੇ ਗਏ ਬਜਟ ਵਿੱਚ, ਵਿੱਤ ਮੰਤਰੀ ਨੇ ਫਿਊਚਰਜ਼ ’ਤੇ ਐਸਟੀਟੀ ਨੂੰ 0.02% ਤੋਂ 0.05% ਅਤੇ ਵਿਕਲਪ ਪ੍ਰੀਮੀਅਮਾਂ ’ਤੇ 0.10% ਤੋਂ 0.15% ਤੱਕ ਵਧਾਉਣ ਦਾ ਐਲਾਨ ਕੀਤਾ ਸੀ। ਸਟਾਕ ਮਾਰਕੀਟ ਦੇ ਨਿਵੇਸ਼ਕ ਇਸ ਐਲਾਨ ਤੋਂ ਖੁਸ਼ ਨਹੀਂ ਸਨ ਅਤੇ ਭਾਰੀ ਵਿਕਰੀ ਸ਼ੁਰੂ ਕਰ ਦਿੱਤੀ। ਕਰੈਸ਼ ਦਾ ਦੂਜਾ ਵੱਡਾ ਕਾਰਨ ਐਲਟੀਸੀਜੀ ਟੈਕਸ ’ਤੇ ਕੋਈ ਵੱਡਾ ਫੈਸਲਾ ਨਾ ਹੋਣਾ ਦੱਸਿਆ। ਨਿਵੇਸ਼ਕਾਂ ਨੇ ਮੰਗ ਕੀਤੀ ਸੀ ਕਿ ਸਰਕਾਰ ਐਲਟੀਸੀਜੀ (ਲੰਬੀ ਮਿਆਦ ਦੇ ਪੂੰਜੀ ਲਾਭ) ਟੈਕਸ ’ਤੇ ਰਾਹਤ ਪ੍ਰਦਾਨ ਕਰੇ। ਸਰਕਾਰ ਨੇ ਐਲਟੀਸੀਜੀ ਟੈਕਸ ’ਤੇ ਨਿਵੇਸ਼ਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ। ਇਸ ਲਈ, ਨਿਵੇਸ਼ਕਾਂ ਨੇ ਸਟਾਕ ਮਾਰਕੀਟ ਵਿੱਚ ਆਪਣੇ ਸ਼ੇਅਰ ਵੇਚ ਕੇ ਪੈਸੇ ਕਢਵਾਉਣੇ ਸ਼ੁਰੂ ਕਰ ਦਿੱਤੇ। ਇਹ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਸੂਚੀਬੱਧ ਇਕੁਇਟੀ ਸ਼ੇਅਰ ਅਤੇ ਇਕੁਇਟੀ ਮਿਉਚੁਅਲ ਫੰਡ 12 ਮਹੀਨਿਆਂ ਤੋਂ ਵੱਧ ਦੀ ਹੋਲਡਿੰਗ ਮਿਆਦ ਦੇ ਨਾਲ ਐਲਟੀਸੀਜੀ ਟੈਕਸ ਦੇ ਅਧੀਨ ਹਨ। ਹਾਲਾਂਕਿ, ਗੋਲਡ ਈਟੀਐਫ ਅਤੇ ਗੈਰ-ਸੂਚੀਬੱਧ ਸ਼ੇਅਰ 24 ਮਹੀਨਿਆਂ ਤੋਂ ਵੱਧ ਸਮੇਂ ਦੀ ਹੋਲਡਿੰਗ ਮਿਆਦ ਦੇ ਨਾਲ ਐਲਟੀਸੀਜੀ ਟੈਕਸ ਦੇ ਅਧੀਨ ਹਨ। ਇਹ ਧਿਆਨ ਦੇਣ ਯੋਗ ਹੈ ਕਿ ਸਰਕਾਰ ਇਸ ਸਮੇਂ ਇਕੁਇਟੀ ਸ਼ੇਅਰਾਂ, ਮਿਊਚੁਅਲ ਫੰਡਾਂ ਅਤੇ ਈਟੀਐਫ ’ਤੇ 12.5 ਪ੍ਰਤੀਸ਼ਤ ਦਾ ਭਾਰੀ ਐਲਟੀਸੀਜੀ ਟੈਕਸ ਲਗਾ ਰਹੀ ਹੈ, ਜਿਸ ਤੋਂ ਨਿਵੇਸ਼ਕ ਰਾਹਤ ਦੀ ਮੰਗ ਕਰ ਰਹੇ ਸਨ।

### ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ

# ਗੁਰੂ ਹਰਿਰਾਏ ਸਾਹਿਬ ਅਤੇ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ



ਤਲਵੰਡੀ ਸਾਬੋ, 01 ਫਰਵਰੀ (ਗੁਰਜੰਟ ਸਿੰਘ ਨਥੇਹਾ)- ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਤੇ ਸੰਤ ਸ਼੍ਰੋਮਣੀ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਬੜੀ ਸ਼ਰਧਾ, ਸਤਿਕਾਰ ਅਤੇ ਧਾਰਮਿਕ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪਾਵਨ ਮੌਕੇ ਗੁਰਦੁਆਰਾ ਸਾਹਿਬ ਨੂੰ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਅਤੇ ਸਵੇਰੇ ਅੰਮ੍ਰਿਤ ਵੇਲੇ ਤੋਂ ਹੀ ਧਾਰਮਿਕ ਸਮਾਗਮਾਂ ਦੀ ਸ਼ੁਰੂਆਤ ਹੋਈ। ਪ੍ਰਕਾਸ਼ ਦਿਹਾੜੇ ਵਿੱਚ ਅੰਮ੍ਰਿਤ ਵੇਲੇ ਕਥਾ ਕੀਰਤਨ ਦੇ ਦੀਵਾਨ ਸਜਾਏ ਗਏ, ਜਿੱਥੇ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਾਮ ਸਿਮਰਨ ਅਤੇ ਗੁਰਮਤ ਨਾਲ ਜੋੜਿਆ ਗਿਆ। ਕਥਾ ਵਿਚਾਰ ਵਿੱਚ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਜੀਵਨ, ਉਨ੍ਹਾਂ ਦੀ ਦਇਆ, ਸਾਦਗੀ ਅਤੇ ਮਨੁੱਖਤਾ ਪ੍ਰਤੀ ਸਮਰਪਣ ਬਾਰੇ ਵਿਸਥਾਰ ਨਾਲ ਚਾਨਣ ਪਾਇਆ ਗਿਆ। ਇਸਦੇ ਨਾਲ ਹੀ ਭਗਤ ਰਵਿਦਾਸ ਜੀ ਦੇ ਸਮਾਨਤਾ, ਭਾਈਚਾਰਕ ਅਤੇ ਸੱਚਾਈ ਦੇ ਸੰਦੇਸ਼ਾਂ ਨੂੰ ਵੀ ਸੰਗਤ ਸਾਹਮਣੇ ਰੱਖਿਆ ਗਿਆ। ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ, ਚੇਅਰਮੈਨ ਧਰਮ ਪ੍ਰਚਾਰ ਕਮੇਟੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰੇਰਨਾ ਸਦਕਾ ਇਸ ਪਾਵਨ ਦਿਹਾੜੇ ਨੂੰ ਸਮਰਪਿਤ ਵਾਤਾਵਰਨ ਦੀ ਸ਼ੁੱਧਤਾ ਅਤੇ ਹਰਿਆਵਲੀ ਵਧਾਉਣ ਦੇ ਉਦੇਸ਼ ਨਾਲ ਗੁਰਦੁਆਰਾ ਸਾਹਿਬ ਅਤੇ ਆਲੇ ਦੁਆਲੇ ਲਗਭਗ 150 ਫੁੱਲ ਬੂਟੇ ਲਗਾਏ ਗਏ। ਇਸ ਮੌਕੇ ਸੰਗਤ ਨੂੰ ਪ੍ਰਕਿਰਤੀ ਨਾਲ ਪਿਆਰ ਕਰਨ, ਵਾਤਾਵਰਨ ਸੰਭਾਲਣ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਦਾ ਸੰਦੇਸ਼ ਦਿੱਤਾ ਗਿਆ। ਇਸ ਤੋਂ ਇਲਾਵਾ ਸੰਗਤ ਨੂੰ ਨਸ਼ਿਆਂ ਤੋਂ ਦੂਰ ਰਹਿਣ, ਗੁਰਬਾਣੀ ਨਾਲ ਜੁੜਨ ਅਤੇ ਅੰਮ੍ਰਿਤ ਛਕ ਕੇ ਗੁਰੂ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ। ਇਸ ਪਾਵਨ ਸਮਾਗਮ ਵਿੱਚ ਭਾਈ ਰਣਧੀਰ ਸਿੰਘ ਦਕੋਹਾ, ਭਾਈ ਦਲੇਰ ਸਿੰਘ, ਭਾਈ ਗੁਰਬਚਨ ਸਿੰਘ ਏਐਸਆਈ, ਭਾਈ ਬੂਟਾ ਸਿੰਘ, ਭਾਈ ਜਗਮੀਤ ਸਿੰਘ, ਭਾਈ ਮੱਖਣ ਸਿੰਘ, ਭਾਈ ਗੁਰਸੇਵਕ ਸਿੰਘ, ਭਾਈ ਖੜਕ ਸਿੰਘ, ਗਗਨ, ਸੰਜੇ, ਅਕਸੈ ਸਮੇਤ ਇਲਾਕੇ ਦੀ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।

### ਆਮ ਆਦਮੀ ਪਾਰਟੀ ਨੂੰ ਛੱਡ ਕੇ

# ਸਤਪਾਲ ਸਿੰਘ ਕਾਂਗਰਸ ਪਾਰਟੀ ਵਿੱਚ ਹੋਏ ਸ਼ਾਮਿਲ



ਜੰਡਿਆਲਾ ਗੁਰੂ 1 ਫਰਵਰੀ ( ਕੁਲਵੰਤ ਸਿੰਘ ਵਿਰਦੀ ) ਅੱਜ ਕਾਂਗਰਸ ਪਾਰਟੀ ਦੀਆਂ ਗਤੀ ਵਿਧੀਆਂ ਨੂੰ ਦੇਖਦੇ ਹੋਏ ਸਤਪਾਲ ਸਿੰਘ ਜੰਡਿਆਲਾ ਗੁਰੂ ਆਮ ਆਦਮੀ ਪਾਰਟੀ ਨੂੰ ਸਦਾ ਲਈ ਅਲਵਿਦਾ ਆਖ ਕੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੀ ਰਹਿਨੁਮਾਈ ਹੇਠ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ । ਉਹਨਾਂ ਨੇ ਕਿਹਾ ਪੰਜਾਬ ਵਿੱਚ 2027 ਚ ਕਾਂਗਰਸ ਪਾਰਟੀ ਦੀ ਸਰਕਾਰ ਜਰੂਰ ਬਣੇਗੀ,ਤੇ ਮੈਂ ਪਾਰਟੀ ਦੀ ਦਿਨ ਰਾਤ ਸੇਵਾ ਕਰਾਂਗਾ। ਇਸ ਮੌਕੇ ਧਰਮ ਸਿੰਘ ,ਮੇਜਰ ਸਿੰਘ, ਤਰਲੋਕ ਸਿੰਘ ਥਾਣੇਦਾਰ, ਗੁਰਦੀਪ ਸਿੰਘ ਭੋਲਾ ,ਦਲਬੀਰ ਸਿੰਘ, ਦਿਲਬਾਗ ਸਿੰਘ ,ਸੁਖਦੇਵ ਸਿੰਘ ,ਅਮਰੀਕ ਸਿੰਘ ,ਬਾਊ ,ਸਰਵਣ ਸਿੰਘ, ਸਤਨਾਮ ਸਿੰਘ ,ਰਵੀ ਪਾਸਟਰ, ਗੁਰਪ੍ਰੀਤ ਸਿੰਘ ,ਜਸਵੰਤ ਸਿੰਘ, ਸੁਰਜੀਤ ਸਿੰਘ, ਹਰਦੀਪ ਸਿੰਘ ,ਸੋਨੂ, ਮਨਜੀਤ ਸਿੰਘ ਫੌਜੀ, ਮਨਜਿੰਦਰ ਸਿੰਘ ਭੱਟੀ, ਸੁਖਪਾਲ ਸਿੰਘ ਜੋਤੀਸਰ ,ਅੰਮ੍ਰਿਤਪਾਲ ਸਿੰਘ, ਪ੍ਰੇਮ ਕੁਮਾਰ ,ਚਰਨਜੀਤ ਸਿੰਘ ਟੀਟੋ, ਮਨਜੀਤ ਕੌਰ ,ਜਸਬੀਰ ਕੌਰ, ਬਲਵਿੰਦਰ ਕੌਰ ,ਪੂਜਾ ,ਅਮਨਦੀਪ ਕੌਰ ,ਮਹਿੰਦਰ ਕੌਰ ,ਚਰਨ ਕੌਰ,ਸੁਖਵੰਤ ਕੌਰ,ਦਵਿੰਦਰ ਕੌਰ, ਲਵਪ੍ਰੀਤ ਕੌਰ ,ਰਵਨੀਤ ਕੌਰ ,ਜੋਤੀ, ਸੁਰਜੀਤ ਕੌਰ ,ਰਜਨੀ, ਅਮਨਦੀਪ ਕੌਰ ,ਪਿੰਕੀ ,ਤਨੂੰ ,ਬਾਵੀ, ਅਦਿ ਹਾਜ਼ਰ ਸਨ।

# ਸਲਾਨਾਂ ਪੱਤਰਕਾਰ ਸੈਮੀਨਾਰ 14 ਫ਼ਰਵਰੀ ਨੂੰ - ਸੰਜੀਵ ਪੁੰਜ

ਜੰਡਿਆਲਾ ਗੁਰੂ 1 ਫ਼ਰਵਰੀ ( ਕੁਲਵੰਤ ਸਿੰਘ ਵਿਰਦੀ ) ਅੱਜ ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ ਰਜਿ: ਦੀ ਅਹਿਮ ਮੀਟਿੰਗ ਯੂਨੀਅਨ ਦੇ ਦਫ਼ਤਰ ਤਰਨ ਤਾਰਨ ਰੋਡ ਅੰਮ੍ਰਿਤਸਰ ਵਿਖੇ ਪ੍ਰੈਸ ਸੰਘਰਸ਼ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਦੀ ਪ੍ਰਧਾਨਗੀ ਹੇਠ ਹੋਈ ਜਿੱਥੇ ਪੱਤਰਕਾਰਾਂ ਦੀਆਂ ਦਰਪੇਸ਼ ਮੁਸ਼ਿਕਲਾਂ ਤੇ ਵਿਚਾਰਾਂ ਮਗਰੋਂ ਓਹਨਾ ਮੁਸ਼ਿਕਲਾਂ ਦੇ ਹੱਲ ਵੀ ਕੱਢੇ ਗਏ। ਇਸਦੇ ਨਾਲ ਹੀ ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ ਦੇ ਸਲਾਨਾਂ ਪੱਤਰਕਾਰ ਸੈਮੀਨਾਰ ਦੀ ਤਾਰੀਖ਼ 14 ਫ਼ਰਵਰੀ ਮਿਥੀ ਗਈ ਪ੍ਰਧਾਨ ਸੰਜੀਵ ਪੁੰਜ ਨੇ ਪੱਤਰਕਾਰ ਸਾਥੀਆਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਇਹ ਸੈਮੀਨਾਰ 14 ਫ਼ਰਵਰੀ ਦਿਨ ਸ਼ਨੀਵਾਰ ਨੂੰ ਬੀਬੀ ਕੌਲਾਂ ਜੀ ਸਕੂਲ ਤਰਨ ਤਾਰਨ ਰੋਡ ਸਾਹਮਣੇ ਡੇਰਾ ਬਾਬਾ ਭੂਰੀ ਜੀ ਵਾਲਿਆਂ ਦੇ ਹੋਵੇਗਾ ਅਤੇ ਇਸ ਸੈਮੀਨਾਰ ਵਿੱਚ ਪੰਜਾਬ ਅਤੇ ਬਾਹਰੀ ਰਾਜਾਂ ਤੋਂ ਪੱਤਰਕਾਰੀ ਕਰ ਰਹੇ ਪੱਤਰਕਾਰ ਸੈਮੀਨਾਰ ਵਿੱਚ ਸ਼ਿਰਕਤ ਕਰਣਗੇ। ਇਸ ਮੌਕੇ ਰਜੇਸ਼ ਕੋਂਡਲ, ਪ੍ਰਦੀਪ ਗੋਇਲ,ਰਾਮ ਸ਼ਰਨਜੀਤ ਸਿੰਘ ਜੰਡਿਆਲਾ,ਮੁਕੇਸ਼ ਬੇਦੀ, ਵਿਪਨ ਬਲੱਗਣ, ਗੌਰਵ ਅਰੋੜਾ, ਤਰਸੇਮ ਚੰਦ ਮੋਨੂੰ, ਕੁਨਾਲ ਖੰਨਾ, ਰਾਕੇਸ਼ ਕੁਮਾਰ, ਮਨੀ ਖੋਸਲਾ, ਹਰਜੀਤ ਸਿੰਘ,ਸੰਜੇ ਕਪੂਰ,ਹਰਸ਼ ਪੁੰਜ ਆਦਿ ਹਾਜਰ ਸਨ।



# ਸਰਦਾਰ ਸਤਪਾਲ ਸਿੰਘ ਪਦਮ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ: ਇੰਦਰਜੀਤ ਸਿੰਘ ਵਿਕਾਸਪੁਰੀ



ਨਵੀਂ ਦਿੱਲੀ 1 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਇੰਦਰਜੀਤ ਸਿੰਘ ਵਿਕਾਸਪੁਰੀ ਨੇ ਸਰਦਾਰ ਸਤਪਾਲ ਸਿੰਘ ਪਦਮ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਸਰਦਾਰ ਸੱਤਪਾਲ ਸਿੰਘ ਪਦਮ ਰਾਜਨੀਤੀ ਅਤੇ ਧਰਮ ਨਾਲ ਆਪਣੇ ਸਕੂਲ ਟਾਈਮ ਤੋਂ ਹੀ ਜੁੜੇ ਹੋਏ ਸਨ ਅਨੇਕਾਂ ਹੀ ਧਾਰਮਿਕ ਪ੍ਰੋਗਰਾਮਾਂ ਨੂੰ ਰੂਪ ਰੇਖਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਸਨ। ਸਰਦਾਰ ਸਤਪਾਲ ਸਿੰਘ ਪਦਮ ਵਿਸ਼ਨੂ ਗਾਰਡਨ ਦੀਆਂ ਸਤਾਰਾਂ ਸਿੰਘ ਸਭਾਵਾਂ ਦੇ ਸੰਸਥਾ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਚੁੱਕੇ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਮਾਨ, ਸ਼੍ਰੋਮਣੀ ਅਕਾਲੀ ਦਲ ਬਾਦਲ ਵਿੱਚ ਦਿੱਲੀ ਸਟੇਟ ਯੂਥ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਰਨਾ ਪਾਰਟੀ ਵਿੱਚ ਵੀ ਉਹਨਾਂ ਨੇ ਆਪਣੀਆਂ ਸਰਗਮੀਆਂ ਨਾਲ ਪਾਰਟੀ ਦੀ ਸੇਵਾ ਕੀਤੀ । ਅੰਤ ਵਿਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਵਿਸ਼ਨੂ ਹਾਰਡਨ ਸਰਕਲ ਦੇ ਪ੍ਰਧਾਨ ਵਜੋਂ ਵਿਸ਼ਨੂ ਗਾਰਡਨ ਵਿਧਾਨ ਸਭਾ ਦੇ ਲੋਕਾਂ ਦੀ ਸੇਵਾ ਕੀਤੀ ਅਤੇ ਲੋਕਾਂ ਦੀ ਪਰੇਸ਼ਾਨੀਆਂ ਐਮਐਲਏ ਅਤੇ ਕੌਂਸਲਰ ਦੇ ਕੋਲ ਜਾ ਕੇ ਹੱਲ ਕਰਵਾਈਆਂ, ਉਹਨਾਂ ਦੇ ਅੰਤਿਮ ਅਰਦਾਸ ਸਮਾਗਮ ਦੇ ਮੌਕੇ ਵਿਸ਼ਨੂ ਗਾਰਡਨ ਦੇ ਲੋਕ ਉਹਨਾਂ ਨੂੰ ਇੱਕ ਜੁਝਾਰੂ ਨੇਤਾ ਵਾਂਗ ਨਿਸਵਾਰਥ ਭਾਵਨਾ ਨਾਲ ਕੰਮ ਕਰਨ ਵਜੋਂ ਯਾਦ ਕਰ ਰਹੀ ਸੀ । ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੰਗਲ ਬਾਜ਼ਾਰ ਵਿਸ਼ਨੂ ਗਾਰਡਨ ਨਵੀ ਦਿੱਲੀ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਵਾਲੀਆਂ ਸੰਗਤਾਂ ਨਾਲ ਗੁਰਦੁਆਰਾ ਸਾਹਿਬ ਦਾ ਹਾਲ ਭਰਿਆ ਹੋਇਆ ਸੀ । ਆਪਣੇ ਪਿੱਛੇ ਪਰਿਵਾਰ ਵਿੱਚ ਉਹ ਧਰਮ ਪਤਨੀ ਅਤੇ ਚਾਰ ਬੱਚੇ ਛੋੜ ਗਏ ਹਨ। ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਪੁੱਜਣ ਵਾਲੇ ਕੁਝ ਸ਼ਖਸੀਅਤਾਂ ਵਿੱਚੋਂ 13 ਆਸਾ ਵੈਲਫੇਅਰ ਟਰਸਟ ਦੇ ਪ੍ਰਧਾਨ, ਇੰਦਰਜੀਤ ਸਿੰਘ ਵਿਕਾਸਪੁਰੀ, ਰਾਜਿੰਦਰ ਸਿੰਘ ਸ਼ਾਨ, ਪ੍ਰਧਾਨ ਪੰਜਾਬੀ ਆਰਗਨਾਈਜੇਸ਼ਨ, ਜਗਦੇਵ ਸਿੰਘ ਵਿਕਾਸਪੁਰੀ, ਇੰਦਰਜੀਤ ਸਿੰਘ ਸੰਤਗੜ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੀਤ ਪ੍ਰਧਾਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਸਰਦਾਰ ਹਜੂਰ ਸਿੰਘ, ਸ੍ਰ ਮੱਖਣ ਸਿੰਘ, ਵਿਸ਼ਨੂ ਗਾਰਡਨ ਇਸਤਰੀ ਸਤਿਸੰਗ ਦੀ ਪ੍ਰਮੁੱਖ ਬੀਬੀ ਰਜਿੰਦਰ ਕੌਰ ਆਦਿ ਪਤਵੰਤੇ ਸੱਜਣ ਮੌਜੂਦ ਸਨ, ਉਹਨਾਂ ਨੇ ਸਤਪਾਲ ਸਿੰਘ ਦੀ ਅਚਾਨਕ ਮੌਤ ਨੂੰ ਵਿਸ਼ਨੂੰ ਗਾਰਡਨ ਦੇ ਨਿਵਾਸੀਆਂ ਵਾਸਤੇ ਘਾਟਾ ਦੱਸਿਆ ਅਤੇ ਸ਼ਰਧਾਂਜਲੀ ਭੇਟ ਕੀਤੀ।

# ਖੱਤਰੀ ਸਭਾ ਮਹਿਲਾ ਮੰਡਲ ਵੱਲੋਂ ਮੁਫ਼ਤ ਮੈਡੀਕਲ ਕੈਂਪ ਦਾ ਸ਼ਾਨਦਾਰ ਆਯੋਜਨ

ਚੌਕ ਮਹਿਤਾ 1 ਫ਼ਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)-ਖਤਰੀ ਸਭਾ ਮਹਿਲਾ ਮੰਡਲ ਅਤੇ ਖਤਰੀ ਸਭਾ ਅੰਮ੍ਰਿਤਸਰ ਦੇ ਸਾਂਝੇ ਤੱਤਵਾਧਾਨ ਹੇਠ ਸ਼ਕਤੀ ਮਾਡਲ ਪਬਲਿਕ ਸਕੂਲ, ਸ਼ਰਮਾ ਕਾਲੋਨੀ, ਤਰਨ ਤਾਰਨ ਰੋਡ ਵਿਖੇ ਲੋੜਵੰਦ ਬੇਟੀਆਂ ਲਈ ਇੱਕ ਮੁਫ਼ਤ ਮੈਡੀਕਲ ਕੈਂਪ ਦਾ ਸਫ਼ਲ ਆਯੋਜਨ ਮਹਿਲਾ ਮੰਡਲ ਦੀ ਪ੍ਰਧਾਨ ਡਾ. ਸਵਰਾਜ ਗ੍ਰੋਵਰ, ਖਤਰੀ ਸਭਾ ਉਪ ਪ੍ਰਧਾਨ ਸ਼੍ਰੀ ਸੁਨੀਲ ਖੰਨਾ, ਸਕੂਲ ਡਾਇਰੈਕਟਰ ਡਾ. ਸੰਜੀਵ ਸ਼ਰਮਾ ਅਤੇ ਪ੍ਰਿੰਸਿਪਲ ਤੇ ਸਮਾਜਸੇਵੀ ਸ਼੍ਰੀ ਰਾਜੇਸ਼ ਕੋਂਡਲ , ਗੁਲਸ਼ਨ ਕੁਮਾਰ ਦੀ ਅਗਵਾਈ ਹੇਠ ਸੰਪੰਨ ਹੋਇਆ। ਮੁੱਖ ਮਹਿਮਾਨ ਦੇ ਰੂਪ ਵਿੱਚ ਸ਼੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰਿਸਰਚ ਦੀ ਪ੍ਰੋਫੈਸਰ ਅਤੇ ਪ੍ਰਸਿੱਧ ਇਸਤਰੀ ਰੋਗ ਸਪੈਸ਼ਲਿਸਟ ਡਾ. ਰਿਪਨ ਬਾਲਾ ਚਾਨਨਾ ਨੇ ਆਪਣੀ ਪੂਰੀ ਮੈਡੀਕਲ ਟੀਮ ਦੇ ਨਾਲ ਲਗਭਗ 4 ਘੰਟਿਆਂ ਤੱਕ ਕਰੀਬ 200 ਧੀਆਂ ਦਾ ਵਿਸ਼ੇਸ਼ ਤੌਰ 'ਤੇ ਇਸਤਰੀ ਰੋਗਾਂ ਸੰਬੰਧੀ ਸਿਹਤ ਪਰੀਖਣ ਕੀਤਾ। ਇਸ ਦੌਰਾਨ ਵੱਖ-ਵੱਖ ਬਿਮਾਰੀਆਂ ਦੀ ਜਾਂਚ ਲਈ ਬਲੱਡ ਟੈਸਟ ਕੀਤੇ ਗਏ ਅਤੇ ਲੋੜੀਂਦੀਆਂ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। "ਮੈਡੀਕਲ ਕੈਂਪ ਵਾਲੇ" ਦੇ ਨਾਂ ਨਾਲ ਪ੍ਰਸਿੱਧ ਸਮਾਜਸੇਵੀ ਸ਼੍ਰੀ ਰਮਨ ਮਲਹੋਤਰਾ ਵੱਲੋਂ ਵੀ ਕੈਲਸ਼ੀਅਮ, ਵਿਟਾਮਿਨ ਅਤੇ ਹੋਰ ਤਾਕਤਵਰ ਦਵਾਈਆਂ ਵਿਦਿਆਰਥਣਾਂ ਵਿੱਚ ਵੰਡੀਆਂ ਗਈਆਂ। ਇਸ ਕਾਰਜਕ੍ਰਮ ਦੀ ਸਫ਼ਲਤਾ ਵਿੱਚ ਮਹਿਲਾ ਮੰਡਲ ਦੀ ਸਕੱਤਰ ਡਾਲੀ ਭਾਟੀਆ, ਉਪ ਪ੍ਰਧਾਨ ਇੰਦਿਰਾ ਧਵਨ, ਸਰੋਜ ਚਾਵਲਾ, ਵੀਣਾ ਮਹਾਜਨ, ਕਾਰਜਕਾਰਣੀ ਮੈਂਬਰ ਸੋਨੀਆ ਮਾਲ੍ਹੀ ਅਤੇ ਸਨੇਹ ਅਰੋੜਾ, ਸਕੂਲ ਸੰਚਾਲਿਕਾ ਰਵਿੰਦ੍ਰ ਕੋਂਡਲ, ਅਨੀਤਾ ਰਾਣੀ ਅਤੇ ਸਕੂਲ ਦੇ ਸਮੂਹ ਸਟਾਫ਼ ਦਾ ਬਹੁਤ ਹੀ ਸਲਾਖਾ ਯੋਗ ਯੋਗਦਾਨ ਰਿਹਾ। ਇਸ ਮੌਕੇ 'ਤੇ ਡਾ. ਰਿਪਨ ਬਾਲਾ, ਉਨ੍ਹਾਂ ਦੀ ਪੂਰੀ ਟੀਮ, ਸਕੂਲ ਡਾਇਰੈਕਟਰ ਅਤੇ ਪ੍ਰਿੰਸਿਪਲ ਨੂੰ ਆਤਮਿਕ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਬੰਧਨ ਵੱਲੋਂ ਇਸ ਜਨਹਿਤਕਾਰੀ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਭਵਿੱਖ ਵਿੱਚ ਇਸ ਤਰ੍ਹਾਂ ਦੇ ਕੈਂਪ ਮੁੜ ਆਯੋਜਿਤ ਕਰਨ ਦੀ ਅਪੀਲ ਵੀ ਕੀਤੀ ਗਈ। ਕਾਰਜਕ੍ਰਮ ਦੇ ਅੰਤ ਵਿੱਚ ਸਾਰੀਆਂ ਵਿਦਿਆਰਥਣਾਂ ਨੂੰ ਫਲ ਅਤੇ ਬਿਸਕੁਟ ਵੰਡੇ ਗਏ।




# ਬਜਟ ਵਿਚ ਛੋਟੇ ਕਾਰੋਬਾਰਾਂ ਅਤੇ ਛੋਟੇ ਪੱਧਰ ਦੇ ਉੱਦਮਾਂ ਲਈ ਕੋਈ ਖਾਸ ਰਾਹਤ ਪੈਕੇਜ ਜਾਂ ਠੋਸ ਪ੍ਰੋਤਸਾਹਨ ਦਾ ਕੋਈ ਐਲਾਨ ਨਹੀਂ - ਪਰਮਜੀਤ ਸਿੰਘ ਪੰਮਾ



ਨਵੀਂ ਦਿੱਲੀ 1 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸਦਰ ਬਜ਼ਾਰ ਬਾਰੀ ਮਾਰਕੀਟ ਵਪਾਰ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਪੰਮਾ ਨੇ ਪੇਸ਼ ਕੀਤੇ ਗਏ ਬਜਟ ਨੂੰ ਸਮੁੱਚੇ ਤੌਰ 'ਤੇ ਆਰਥਿਕ ਅਤੇ ਵਿਕਾਸ-ਮੁਖੀ ਕਿਹਾ ਹੈ, ਪਰ ਬਜਟ ਵਿਚ ਛੋਟੇ ਕਾਰੋਬਾਰਾਂ ਅਤੇ ਮੱਧ ਵਰਗ ਦੀਆਂ ਸਿੱਧੀਆਂ ਉਮੀਦਾਂ ਅੰਸ਼ਕ ਤੌਰ 'ਤੇ ਪੂਰੀਆਂ ਹੋਈਆਂ ਹਨ। ਖਾਸ ਤੌਰ 'ਤੇ, ਇਹ ਬਜਟ ਉਸ ਠੋਸ ਸਹਾਇਤਾ ਤੋਂ ਘੱਟ ਹੈ ਜਿਸਦੀ ਮੱਧ ਅਤੇ ਛੋਟੇ ਕਾਰੋਬਾਰਾਂ ਨੇ ਉਮੀਦ ਕੀਤੀ ਸੀ। ਬਜਟ ਦੀ ਸਭ ਤੋਂ ਵੱਡੀ ਕਮੀ ਇਹ ਹੈ ਕਿ ਛੋਟੇ ਕਾਰੋਬਾਰਾਂ, ਦੁਕਾਨਦਾਰਾਂ ਅਤੇ ਛੋਟੇ ਪੱਧਰ ਦੇ ਉੱਦਮਾਂ ਲਈ ਕੋਈ ਖਾਸ ਰਾਹਤ ਪੈਕੇਜ ਜਾਂ ਠੋਸ ਪ੍ਰੋਤਸਾਹਨ ਦਾ ਐਲਾਨ ਨਹੀਂ ਕੀਤਾ ਗਿਆ। ਕਾਰੋਬਾਰ ਦੇ ਵਿਸਥਾਰ ਲਈ ਆਸਾਨ ਕ੍ਰੈਡਿਟ, ਟੈਕਸ ਰਾਹਤ, ਜਾਂ ਸੰਚਾਲਨ ਲਾਗਤਾਂ ਨੂੰ ਘਟਾਉਣ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਕੋਈ ਸਪੱਸ਼ਟ ਹੱਲ ਪੇਸ਼ ਨਹੀਂ ਕੀਤੇ ਗਏ ਹਨ। ਉਨ੍ਹਾਂ ਕਿਹਾ ਅੱਜ ਦੇ ਮੱਧ ਵਰਗ ਦੇ ਦੁਕਾਨਦਾਰ - ਭਾਰਤੀ ਅਰਥਵਿਵਸਥਾ ਦੀ ਅਸਲ ਰੀੜ੍ਹ ਦੀ ਹੱਡੀ - ਲਗਾਤਾਰ ਵਧਦੀਆਂ ਲਾਗਤਾਂ, ਤੰਗ ਹਾਸ਼ੀਏ ਅਤੇ ਮੁਕਾਬਲੇਬਾਜ਼ੀ ਦੇ ਦਬਾਅ ਨਾਲ ਜੂਝ ਰਹੇ ਹਨ। ਅਜਿਹੇ ਸਮੇਂ, ਉਨ੍ਹਾਂ ਨੂੰ ਉਮੀਦ ਸੀ ਕਿ ਬਜਟ ਵਿਵਹਾਰਕ ਅਤੇ ਸਿੱਧਾ ਸਮਰਥਨ ਲਿਆਏਗਾ। ਸੰਖੇਪ ਵਿੱਚ, ਇਹ ਬਜਟ ਨਿਸ਼ਚਤ ਤੌਰ 'ਤੇ ਲੰਬੇ ਸਮੇਂ ਦੇ ਵਿਕਾਸ ਵੱਲ ਇੱਕ ਕਦਮ ਹੈ, ਪਰ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਲਈ, ਇਹ ਅਜੇ ਵੀ ਉਮੀਦਾਂ ਤੋਂ ਘੱਟ ਹੈ ਅਤੇ ਸੀਮਤ ਰਾਹਤ ਪ੍ਰਦਾਨ ਕਰਦਾ ਹੈ।

ਕਿਸਾਨ ਸਭਾ ਵਲੋਂ 3 ਫਰਵਰੀ ਨੂੰ ਦੇਸ਼ ਭਰ ਵਿੱਚ

# ਕਿਸਾਨ-ਵਿਰੋਧੀ, ਸੰਘਵਾਦ-ਵਿਰੋਧੀ ਬਜਟ ਦੀਆਂ ਕਾਪੀਆਂ ਸਾੜਨ ਦਾ ਸੱਦਾ

ਨਵੀਂ ਦਿੱਲੀ 1 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਕੇਂਦਰੀ ਬਜਟ 2026-27 ਇੱਕ ਵਾਰ ਫਿਰ ਭਾਰਤੀ ਲੋਕਾਂ ਲਈ ਰੋਜ਼ੀ-ਰੋਟੀ ਦਾ ਸਭ ਤੋਂ ਮਹੱਤਵਪੂਰਨ ਸਰੋਤ, ਖੇਤੀਬਾੜੀ ਦੇ ਰਣਨੀਤਕ ਪੁਨਰ ਸੁਰਜੀਤੀ ਪ੍ਰਤੀ ਕੋਈ ਵਚਨਬੱਧਤਾ ਦਿਖਾਉਣ ਵਿੱਚ ਅਸਫਲ ਰਿਹਾ ਹੈ। ਕਿਸਾਨ ਸਭਾ ਦੇ ਪ੍ਰਧਾਨ ਅਸ਼ੋਕ ਧਾਵਲੇ ਅਤੇ ਜਨਰਲ ਸਕੱਤਰ ਵਿਜੂ ਕ੍ਰਿਸ਼ਨਨ, ਵਲੋਂ ਮੀਡੀਆ ਨੂੰ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਵਿੱਤ ਮੰਤਰੀ ਦੇ ਬਜਟ ਭਾਸ਼ਣ ਵਿੱਚ ਖੇਤੀਬਾੜੀ ਨੂੰ ਵੱਡੇ ਪੱਧਰ 'ਤੇ ਅਣਗੌਲਿਆ ਕੀਤਾ ਗਿਆ ਸੀ; ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਸਿਰਫ਼ ਇੱਕ ਵਾਰ ਹੀ ਜ਼ਿਕਰ ਕੀਤਾ ਗਿਆ, ਜਦੋਂ ਕਿ ਪੇਂਡੂ ਮਜ਼ਦੂਰ ਪੂਰੀ ਤਰ੍ਹਾਂ ਗੈਰਹਾਜ਼ਰ ਸਨ। ਬਜਟ ਦੇ ਅੰਕੜੇ ਵੀ ਇਸ ਅਣਗਹਿਲੀ ਨੂੰ ਦਰਸਾਉਂਦੇ ਹਨ। ਕੇਂਦਰ ਸਰਕਾਰ ਵੱਲੋਂ ਇਸ ਹਫ਼ਤੇ ਪੇਸ਼ ਕੀਤੇ ਗਏ ਆਰਥਿਕ ਸਰਵੇਖਣ ਦੇ ਅਨੁਸਾਰ, 2025 ਵਿੱਚ ਖੇਤੀਬਾੜੀ ਦੀ ਔਸਤ ਵਿਕਾਸ ਦਰ ਵਿੱਚ ਗਿਰਾਵਟ ਆਈ। ਪਿਛਲੀ ਤਿਮਾਹੀ ਵਿੱਚ ਦਰਜ ਕੀਤੀ ਗਈ ਵਿਕਾਸ ਦਰ 3.5 ਪ੍ਰਤੀਸ਼ਤ ਸੀ, ਜਦੋਂ ਕਿ ਦਹਾਕੇ ਦੀ ਔਸਤ 4.45 ਪ੍ਰਤੀਸ਼ਤ ਸੀ। ਫਸਲ ਉਤਪਾਦਨ ਵਿੱਚ ਸਭ ਤੋਂ ਤੇਜ਼ ਗਿਰਾਵਟ ਦੇਖੀ ਗਈ ਹੈ। ਖੇਤੀਬਾੜੀ ਖੇਤਰ ਵਿੱਚ ਖੜੋਤ ਦੇ ਇਸ ਪਿਛੋਕੜ ਦੇ ਵਿਰੁੱਧ, ਇਹ ਉਮੀਦ ਕੀਤੀ ਜਾ ਰਹੀ ਸੀ ਕਿ ਕੇਂਦਰੀ ਬਜਟ 2026-27 ਕੁਝ ਰਾਹਤ ਅਤੇ ਗਤੀ ਪ੍ਰਦਾਨ ਕਰੇਗਾ। ਪਰ ਬਜਟ ਨੇ ਇੱਕ ਵਾਰ ਫਿਰ ਨਿਰਾਸ਼ ਕੀਤਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਲਈ ਲਗਭਗ ?1.40 ਲੱਖ ਕਰੋੜ ਦੀ ਕੁੱਲ ਵੰਡ 2025-26 ਦੇ ਸੋਧੇ ਹੋਏ ਅਨੁਮਾਨਾਂ ਦੇ ਮੁਕਾਬਲੇ ਸਿਰਫ਼ 5.3 ਪ੍ਰਤੀਸ਼ਤ ਵਾਧਾ ਦਰਸਾਉਂਦੀ ਹੈ। ਮਹਿੰਗਾਈ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਸਪੱਸ਼ਟ ਹੈ ਕਿ ਖੇਤੀਬਾੜੀ ਲਈ ਅਸਲ ਵੰਡ ਵਿੱਚ ਕੋਈ ਮਹੱਤਵਪੂਰਨ ਵਾਧਾ ਨਹੀਂ ਹੋਇਆ ਹੈ। ਆਰਥਿਕ ਸਰਵੇਖਣ ਨੇ ਇਹ ਵੀ ਸਵੀਕਾਰ ਕੀਤਾ ਕਿ ਅਨਾਜ, ਮੱਕੀ, ਸੋਇਆਬੀਨ ਅਤੇ ਦਾਲਾਂ ਸਮੇਤ ਵੱਖ-ਵੱਖ ਫਸਲਾਂ ਲਈ ਉਤਪਾਦਕਤਾ ਦਰਾਂ ਵਿਸ਼ਵ ਔਸਤ ਤੋਂ ਪਿੱਛੇ ਰਹਿ ਗਈਆਂ ਹਨ, ਜਿਸ ਨਾਲ ਭਾਰਤੀ ਉਤਪਾਦਨ ਅਸੰਭਵ ਹੋ ਗਿਆ ਹੈ। ਇਸ ਦੇ ਬਾਵਜੂਦ, ਬਜਟ ਖੇਤੀਬਾੜੀ ਖੋਜ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕੋਈ ਵਾਧੂ ਸਹਾਇਤਾ ਪ੍ਰਦਾਨ ਨਹੀਂ ਕਰਦਾ। ਵਿੱਤ ਮੰਤਰੀ ਦੀ ਖੇਤੀਬਾੜੀ ਉਤਪਾਦਕਤਾ ਵਧਾਉਣ ਦੀ ਵਚਨਬੱਧਤਾ ਦੇ ਬਾਵਜੂਦ, ਖੇਤੀਬਾੜੀ ਖੋਜ ਅਤੇ ਸਿੱਖਿਆ ਵਿਭਾਗ ਲਈ ਬਜਟ ਵੰਡ ?10,281 ਕਰੋੜ (ਸੋਧੇ ਹੋਏ ਅਨੁਮਾਨ 2025-26) ਤੋਂ ਘਟਾ ਕੇ ?9,967 ਕਰੋੜ (ਬਜਟ ਅਨੁਮਾਨ 2026-27) ਕਰ ਦਿੱਤੀ ਗਈ ਹੈ। ਇਸ ਸਾਲ ਦੇ ਬਜਟ ਵਿੱਚ ਨਕਦੀ ਫਸਲਾਂ ਵਿੱਚ ਨਿਵੇਸ਼ ਕਰਨ ਦੀ ਬਿਆਨਬਾਜ਼ੀ ਜਾਰੀ ਰਹੀ। ਭਾਸ਼ਣ ਵਿੱਚ ਨਾਰੀਅਲ, ਕੋਕੋ, ਕਾਜੂ, ਗਿਰੀਦਾਰ ਅਤੇ ਚੰਦਨ 'ਤੇ ਧਿਆਨ ਕੇਂਦਰਿਤ ਕਰਨ ਦੀ ਮੰਗ ਕੀਤੀ ਗਈ। ਪਰ ਅਸਲੀਅਤ ਇਹ ਹੈ ਕਿ ਪਹਿਲਾਂ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਜਿਵੇਂ ਕਿ ਕਪਾਹ ਤਕਨਾਲੋਜੀ ਮਿਸ਼ਨ, ਦਾਲਾਂ ਮਿਸ਼ਨ, ਹਾਈਬ੍ਰਿਡ ਬੀਜ, ਅਤੇ ਮਖਾਨਾ ਬੋਰਡ ਦਾ ਬਜਟ ਦੇ ਅੰਕੜਿਆਂ ਵਿੱਚ ਕੋਈ ਜ਼ਿਕਰ ਨਹੀਂ ਹੈ। ਬਜਟ ਕਿਸਾਨਾਂ ਨੂੰ ਕੋਈ ਮਹੱਤਵਪੂਰਨ ਰਾਹਤ ਨਹੀਂ ਦਿੰਦਾ। ਖਾਦ ਸਬਸਿਡੀ ?1,86,460 ਕਰੋੜ (ਰਿਵਿਊ 2025-26) ਤੋਂ ਘਟਾ ਕੇ ?1,70,781 ਕਰੋੜ (ਰਿਵਿਊ 2026-27) ਕਰ ਦਿੱਤੀ ਗਈ ਹੈ। ਪਿਛਲੇ ਸਾਲ ਦੇ ਆਰਈ ਦੇ ਮੁਕਾਬਲੇ ਖੁਰਾਕ ਸਬਸਿਡੀ ਵੀ ਘਟਾ ਦਿੱਤੀ ਗਈ ਹੈ। ਬਜਟ ਭਾਸ਼ਣ ਵਿੱਚ ਨਾ ਤਾਂ ਮਨਰੇਗਾ ਸਕੀਮ ਅਤੇ ਨਾ ਹੀ ਹਾਲ ਹੀ ਵਿੱਚ ਪਾਸ ਕੀਤੀ ਗਈ ਵੀ ਬੀ -ਗ੍ਰਾਮ ਜੀ ਵਾਏ ਸਕੀਮ ਦਾ ਜ਼ਿਕਰ ਕੀਤਾ ਗਿਆ ਸੀ, ਜੋ ਪੇਂਡੂ ਰੁਜ਼ਗਾਰ ਦੀ ਮਹੱਤਤਾ ਲਈ ਪੂਰੀ ਤਰ੍ਹਾਂ ਅਣਦੇਖੀ ਨੂੰ ਦਰਸਾਉਂਦਾ ਹੈ। ਵੀ ਬੀ -ਗ੍ਰਾਮ ਜੀ ਵਾਏ ਸਕੀਮ ਨੂੰ ?95,692 ਕਰੋੜ ਅਲਾਟ ਕੀਤੇ ਗਏ ਹਨ, ਜਿਸ ਵਿੱਚ ਕੇਂਦਰ ਸਰਕਾਰ 60 ਪ੍ਰਤੀਸ਼ਤ ਯੋਗਦਾਨ ਪਾ ਰਹੀ ਹੈ, ਜਿਸ ਨਾਲ ਰਾਜਾਂ 'ਤੇ ?63,794 ਕਰੋੜ ਦਾ ਭਾਰੀ ਬੋਝ ਉਨ੍ਹਾਂ ਦੇ 40 ਪ੍ਰਤੀਸ਼ਤ ਯੋਗਦਾਨ ਵਜੋਂ ਪਾਇਆ ਗਿਆ ਹੈ। ਅਖਿਲ ਭਾਰਤੀ ਕਿਸਾਨ ਸਭਾ ਕਿਸਾਨਾਂ, ਪੇਂਡੂ ਮਜ਼ਦੂਰਾਂ ਅਤੇ ਆਮ ਜਨਤਾ ਨੂੰ ਇਸ ਕਿਸਾਨ-ਵਿਰੋਧੀ, ਮਜ਼ਦੂਰ-ਵਿਰੋਧੀ ਅਤੇ ਸੰਘੀ-ਵਿਰੋਧੀ ਬਜਟ ਦਾ ਵਿਰੋਧ ਕਰਨ ਲਈ 3 ਫਰਵਰੀ, 2026 ਨੂੰ ਜਾਂ ਉਸ ਤੋਂ ਬਾਅਦ ਕਿਸੇ ਵੀ ਦਿਨ ਪਿੰਡਾਂ ਅਤੇ ਤਹਿਸੀਲਾਂ ਵਿੱਚ ਇਸ ਦੀਆਂ ਕਾਪੀਆਂ ਸਾੜਨ ਦਾ ਸੱਦਾ ਦਿੰਦੀ ਹੈ। ਕਿਸਾਨ ਸਭਾ ਸਾਰਿਆਂ ਨੂੰ 12 ਫਰਵਰੀ ਨੂੰ ਹੋਣ ਵਾਲੀ ਆਮ ਹੜਤਾਲ ਨੂੰ ਇਤਿਹਾਸਕ ਸਫਲ ਬਣਾਉਣ ਦੀ ਅਪੀਲ ਵੀ ਕਰਦੀ ਹੈ, ਤਾਂ ਜੋ 2026-27 ਦੇ ਲੋਕ-ਵਿਰੋਧੀ ਕੇਂਦਰੀ ਬਜਟ ਵਿਰੁੱਧ ਜਨਤਾ ਦਾ ਗੁੱਸਾ ਸਪੱਸ਼ਟ ਤੌਰ 'ਤੇ ਦਿਖਾਈ ਦੇ ਸਕੇ।




# ਐਨ ਆਰ ਆਈ ਰੰਧਾਵਾ ਧਰਮੂਚੱਕ ਵਾਲਿਆਂ ਨੇ ਅੱਖਾਂ ਦਾ ਕੈਂਪ ਲਗਾਇਆ

**ਚੌਕ ਮਹਿਤਾ,1 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਯੁਨਾਇਟੇਡ ਸਿੱਖ ਮਿਸਨ ਯੁ ਐਸ ਏ ਦੇ ਸਹਿਯੋਗ ਨਾਲ ਸੁਖਬੀਰ ਸਿੰਘ ਰੰਧਾਵਾ ਜੋਧਬੀਰ ਸਿੰਘ ਰੰਧਾਵਾ ਅਤੇ ਜਗੀਰ ਸਿੰਘ ਰੰਧਾਵਾ ਯੂ ਐਸ ਏ ਪਿੰਡ ਧਰਮੂਚੱਕ ਵਾਲਿਆਂ ਨੇ ਅੱਖਾਂ ਦਾ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਦੋਰਾਨ ਸ੍ਰੀ ਅੰਮ੍ਰਿਤਸਰ ਤੋਂ ਪਰਿਜਾ ਅੱਖਾਂ ਦਾ ਹਸਪਤਾਲ ਬਟਾਲਾ ਰੋਡ ਦੇ ਮਾਹਰ ਡਾਕਟਰਾਂ ਦੀ ਟੀਮ ਨੇ ਤਕਰੀਬਨ 100 ਮਰੀਜ਼ਾਂ ਦੀ ਅੱਖਾਂ ਦਾ ਚੈੱਕਅਪ ਕੀਤਾ। ਜਿਨ੍ਹਾਂ ਮਰੀਜ਼ਾਂ ਦੀ ਅੱਖਾਂ ਅਪਰੈਸਨ ਹੋਣਾ ਸੀ ਉਨ੍ਹਾਂ ਨੂੰ ਫ੍ਰੀ ਅਪ੍ਰੇਸ਼ਨ ਕੀਤਾ ਗਿਆ ।ਇਹ ਰੰਧਾਵਾ ਪ੍ਰਵਾਰ ਹਰ ਸਾਲ ਅੱਖਾਂ ਦਾ ਚੈੱਕਅਪ ਕੈਂਪ ਲਾਉਂਦੇ ਹਨ। ਇਸ ਪ੍ਰਵਾਰ ਕੋਈ ਵੀ ਲੋੜਵੰਦ ਵਿਅਕਤੀ ਜਾਵੇ ਤਾਂ ਉਸ ਦੀ ਹਰ ਪ੍ਰਕਾਰ ਦੀ ਮਦੱਦ ਕਰਦੇ ਹਨ। ਇਸ ਮੌਕੇ ਤੇ ਜਗੀਰ ਸਿੰਘ ਰੰਧਾਵਾ ਯੂ ਐਸ ਏ ਵੱਲੋਂ ਸੰਗਤਾ ਲਈ ਗੁਰੂ ਜੀ ਲੰਗਰ ਲਗਾਇਆ ਗਿਆ। ਇਸ ਮੌਕੇ ਤੇ ਜਗੀਰ ਸਿੰਘ ਰੰਧਾਵਾ ਯੂ ਐਸ ਏ, ਸੁਖਬੀਰ ਸਿੰਘ ਰੰਧਾਵਾ ਯੂ ਐਸ ਏ, ਜੋਧਬੀਰ ਸਿੰਘ ਰੰਧਾਵਾ ਯੂ ਐਸ ਏ, ਹਰਪ੍ਰੀਤ ਸਿੰਘ ਹੈਪੀ ਭੋਏਵਾਲ। ਜੁਗਰਾਜ ਸਿੰਘ ਕੋਚ ਚੰਨਣਕੇ ਆਦਿ ਹਾਜ਼ਰ ਸਨ।



# ਫ਼ਤਹਿ ਮੈਡੀਕਲ ਸਟੋਰ ਵਲੋਂ ਲਗਾਇਆ ਲੰਗਰ

ਚੌਕ ਮਹਿਤਾ 1 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ) ਧੰਨ ਧੰਨ ਬਾਬਾ ਦੀਪ ਸਿੰਘ ਜੀ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਉਹਨਾਂ ਦੇ ਜਨਮ ਅਸਥਾਨ ਪਹੂਵਿੰਡ ਲਈ ਚਾਟੀਵਿੰਡ ਗੇਟ ਤੋਂ ਲੱਖਾ ਦੀ ਗਿਣਤੀ ਵਿੱਚ ਆਏ ਨਗਰ ਕੀਰਤਨ ਦਾ ਗਿਲਵਾਲੀ ਗੇਟ ਵਿਖੇ ਫ਼ਤਹਿ ਮੈਡੀਕਲ ਸਟੋਰ ਤੇ ਨਿੱਘਾ ਸੁਆਗਤ ਕੀਤਾ ਗਿਆ ਅਤੇ ਲੰਗਰ ਲਗਾਇਆ ਗਿਆ ਇਸ ਮੌਕੇ ਵਾਰਡ ਨੰਬਰ 50 ਦੇ ਕਾਂਗਰਸੀ ਇੰਚਾਰਜ ਰਾਜੇਸ਼ ਡੈਨੀ, ਰਾਜਵਿੰਦਰ ਸਿੰਘ ਬੋਬੀ,ਮਿੰਟੂ, ਫ਼ਤਹਿ ਸਿੰਘ, ਮੇਜ਼ਰ ਸਿੰਘ, ਜਤਿੰਦਰ ਪਾਲ ਸਿੰਘ ਹਰਜੋਤ ਸਿੰਘ ਪ੍ਰਿੰਸ ਰਾਜਪ੍ਰੀਤ ਕੋਰ ਨੇ ਲੰਗਰ ਦੀ ਸੇਵਾ ਕੀਤੀ



# ਕੌਮਾਂਤਰੀ ਮਹਿਲਾ ਦਿਵਸ ਮੌਕੇ 15ਵਾਂ ਰਾਜ-ਪੱਧਰੀ ਸਨਮਾਨ ਸਮਾਰੋਹ ਦੀ ਤਿਆਰੀ ਆਰੰਭ

## ਮਹਿਲਾ ਪ੍ਰਿੰਸੀਪਲਾਂ ਤੋਂ ਇਲਾਵਾ ਕੌਮੀ ਤੇ ਕੌਮਾਂਤਰੀ ਖਿਡਾਰਨਾ ਨੂੰ ਮਿਲੇਗਾ ''ਆਇਰਨ ਲੇਡੀ ਐਵਾਰਡ'' : ਰਾਜੇਸ਼ ਸ਼ਰਮਾ/ਮੱਟੂ



**ਚੌਕ ਮਹਿਤਾ 1 ਫਰਵਰੀ ( .. ਬਾਬਾ ਸੁਖਵੰਤ ਸਿੰਘ ਚੰਨਣਕੇ.)** -ਪਿੱਛਲੇ ਡੇਢ ਦਹਾਕੇ ਤੋਂ "ਬੇਟੀ ਬਚਾਓ,ਬੇਟੀ ਪੜ੍ਹਾਓ" ਦੇ ਹੱਕ ਵਿੱਚ ਅਤੇ ਮਾਦਾ ਭਰੂਣ ਹੱਤਿਆ ਦੇ ਖਿਲਾਫ਼ ਹਾਅ ਦਾ ਨਾਅਰਾ ਮਾਰਨ ਵਾਲੀ ਪੰਜਾਬ ਦੀ ਨਾਮਵਰ ਸਮਾਜ ਸੇਵੀਂ ਸੰਸਥਾ "ਮਾਣ ਧੀਆਂ 'ਤੇ ਸਮਾਜ ਭਲਾਈ ਸੋਸਾਇਟੀ" (ਰਜਿ) ਅੰਮ੍ਰਿਤਸਰ ਦੇ 15 ਸਾਲ ਸਫ਼ਲਤਾਪੂਰਵਕ ਸੰਪਨ ਹੋਣ ਦੀ ਖੁਸ਼ੀ ਵਿੱਚ "ਕੌਮਾਂਤਰੀ ਮਹਿਲਾ ਦਿਵਸ" ਮੌਕੇ ਹੋਣ ਵਾਲੇ 15ਵੇਂ ਰਾਜ-ਪੱਧਰੀ ਸਨਮਾਨ ਸਮਾਰੋਹ-2026 ਦੀਆਂ ਤਿਆਰੀਆਂ ਆਰੰਭ ਕਰਦਿਆਂ ਅੱਜ ਸੰਸਥਾ ਦੇ ਮੁੱਖ ਸਰਪ੍ਰਸਤ ਸ਼੍ਰੀ.ਰਾਜੇਸ਼ ਸ਼ਰਮਾ (ਪੀਸੀਐਸ), ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਖੇਡ ਪ੍ਰੋਮੋਟਰ/ਸਮਾਜ ਸੇਵਕ) ਅਤੇ ਸ਼੍ਰੀਮਤੀ ਰਸ਼ਮੀ ਸ਼ਰਮਾ ਨੇ ਸਾਂਝੇ ਤੌਰ ਤੇ ਪੋਸਟਰ ਰਿਲਿਜ਼ ਕਰਦਿਆਂ ਜਾਣਕਾਰੀ ਦਿੱਤੀ ਕਿ ਪੰਜਾਬ ਦੇ ਵੱਖ-ਵੱਖ ਜ਼ਿਲਿਆ ਵਿੱਚੋ ਸਿੱਖਿਆ ਦੇ ਖੇਤਰ 'ਚ ਸਭ ਤੋਂ ਵਧੀਆ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਮਹਿਲਾ ਪ੍ਰਿੰਸੀਪਲਾਂ,ਕੌਮੀ ਅਤੇ ਕੌਮਾਂਤਰੀ ਖ਼ਿਡਾਰਨਾ ਤੋਂ ਇਲਾਵਾ ਵੱਖ-ਵੱਖ ਖ਼ੇਤਰਾਂ ਵਿੱਚ ਬੇਹਤਰੀਨ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਮਹਿਲਾਵਾ ਨੂੰ "ਆਇਰਨ ਲੇਡੀ ਐਵਾਰਡ" ਨਾਲ ਸਨਮਾਨਿਤ ਕੀਤਾ ਜਾਵੇਗਾ 9 ਆਖ਼ਿਰ ਵਿੱਚ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਕਿ ਇਸ ਰਾਜ-ਪੱਧਰੀ ਸਨਮਾਨ ਸਮਾਰੋਹ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਮੁੱਖ ਸਰਪ੍ਰਸਤ ਪੀਸੀਐਸ ਰਾਜੇਸ਼ ਸ਼ਰਮਾ,ਜਿਲ੍ਹਾ ਸਕੂਲ ਖੇਡ ਅਫ਼ਸਰ ਪਠਾਨਕੋਟ ਅਰੁਣ ਕੁਮਾਰ,ਚੇਅਰਮੈਨ ਹਰਦੇਸ਼ ਸ਼ਰਮਾ,ਵਾਇਸ ਚੇਅਰਮੈਨ ਮਖਤੂਲ ਸਿੰਘ ਔਲਖ,ਸੀਨੀਅਰ ਵਾਇਸ ਪ੍ਰਧਾਨ ਨਿਰਵੈਰ ਸਿੰਘ ਸਰਕਾਰੀਆ,ਵਾਇਸ ਪ੍ਰਧਾਨ ਵਰਿੰਦਰ ਚਾਵਲਾ, ਪ੍ਰਿੰ.ਰਾਜੇਸ਼ ਪ੍ਰਭਾਕਰ, ਐਡਵੋਕੇਟ ਅਜੈ ਕੁਮਾਰ ਵਰਮਾਨੀ,ਮਨਪ੍ਰੀਤ ਕੌਰ, ਮੰਗਲ ਸਿੰਘ ਕਿਸ਼ਨਪੂਰੀ, ਡਾਇਰੈਕਟਰ ਰਣਜੀਤ ਕੌਰ ਸੰਧੂ,ਡਾਇਰੈਕਟਰ ਰਣਜੀਤ ਕੌਰ ਸੰਧੂ,ਪ੍ਰਿੰ.ਅਮਰਜੀਤ ਕੌਰ, ਪ੍ਰਿੰ.ਮਨੀਸ਼ਾ ਧੰਨੁਕਾ ਪ੍ਰਿੰ. ਪਰਮਜੀਤ ਕੌਰ, ਵਸੁੰਧਰਾ ਬਾਂਸਲ,ਪ੍ਰਿੰ.ਪੂਜਾ ਪ੍ਰਭਾਕਰ, ਪ੍ਰਿੰ.ਅਨੀਤਾ ਬੱਤਰਾ,ਗੁਰਵਿੰਦਰ ਸਿੰਘ ਢਿੱਲੋਂ,ਗੁਰਦੇਵ ਸਿੰਘ ਮਾਹਲ,ਕੰਵਲਜੀਤ ਕੌਰ ਟੀਨਾ,ਸੀਮਾ ਚੋਪੜਾ, ਨਰਿੰਦਰ ਕੌਰ,ਕਰਮਜੀਤ ਕੌਰ ਜੱਸਲ,ਪਰਮਿੰਦਰ ਕੌਰ,ਵੀਨਾ ਮੱਟੂ ਅਤੇ ਦਮਨਪ੍ਰੀਤ ਕੌਰ ਦਾ ਵਿਸ਼ੇਸ ਸਹਿਯੋਗ ਰਹੇਗਾ।

# ਮੋਦੀ ਸਰਕਾਰ ਨੇ ਬਜਟ 'ਚ ਗਰੀਬ ਵਰਗ ਦੀ ਸਿਹਤ ਨੂੰ ਪ੍ਰਮੁੱਖਤਾ ਦਿੱਤੀ : ਹਰਦੀਪ ਗਿੱਲ

## ਹਰ ਜ਼ਿਲ੍ਹੇ ਚ ਲੜਕੀਆਂ ਲਈ ਹੋਸਟਲ, ਸੱਤ ਗੰਭੀਰ ਬਿਮਾਰੀਆਂ ਦਾ ਇਲਾਜ ਹੋਵੇਗਾ ਸਸਤਾ : ਸੂਰਜ ਭਾਰਦਵਾਜ਼

ਜੰਡਿਆਲਾ ਗੁਰੂ, 1 ਫਰਵਰੀ ( ਕੁਲਵੰਤ ਸਿੰਘ ਵਿਰਦੀ )- ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਬਜਟ ਦੇਸ਼ ਦੀ ਆਰਥਿਕ ਖੁਸ਼ਹਾਲੀ ਲਈ ਲਾਹੇਵੰਦ ਹੋਵੇਗਾ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਅੰਮ੍ਰਿਤਸਰ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿੱਲ ਨੇ ਕੀਤਾ। 2026-27 ਲਈ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਅੱਜ ਬਜਟ ਦਾ ਸਿੱਧਾ ਪ੍ਰਸਾਰਨ ਭਾਜਪਾ ਵਰਕਰਾਂ ਵੱਲੋਂ ਸੁਣਿਆ ਗਿਆ। ਇਸੇ ਲੜੀ ਤਹਿਤ ਅੰਮ੍ਰਿਤਸਰ ਦਿਹਾਤੀ ਤੇ ਜੰਡਿਆਲਾ ਗੁਰੂ ਹਲਕੇ ਦੇ ਵਰਕਰਾਂ ਨੇ ਪਿੰਡ ਵਡਾਲੀ ਡੋਗਰਾਂ ਵਿਖੇ ਪੇਸ਼ ਕੀਤੇ ਹੋਏ ਗਏ ਬਜਟ ਨੂੰ ਸੁਣਿਆ। ਇਸ ਮੌਕੇ ਭਾਜਪਾ ਦੇ ਸੂਬਾ ਸਕੱਤਰ ਸੂਰਜ ਭਾਰਦਵਾਜ਼ ਵਿਸ਼ੇਸ਼ ਤੌਰ 'ਤੇ ਪਹੁੰਚੇ। ਬਜਟ ਮਗਰੋਂ ਇਸ ਦੇ ਉੱਪਰ ਆਪਣੀ ਪ੍ਰਤਿਕਿਰਿਆ ਦਿੰਦਿਆਂ ਹਰਦੀਪ ਸਿੰਘ ਗਿੱਲ ਅਤੇ ਸੂਰਜ ਭਾਰਦਵਾਜ਼ ਨੇ ਕਿਹਾ ਕਿ ਬਜਟ ਵਿੱਚ ਗਰੀਬ ਅਤੇ ਮੱਧ ਵਰਗ ਦੀ ਸਿਹਤ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਦੇਸ਼ ਵਿੱਚ ਬਿਮਾਰੀਆਂ ਦਾ ਬੋਝ ਗੈਰ-ਸੰਚਾਰੀ ਬਿਮਾਰੀਆਂ ਵੱਲ ਲਗਾਤਾਰ ਵੱਧ ਰਿਹਾ ਹੈ, ਜਿਵੇਂ ਕਿ ਸ਼ੂਗਰ, ਕੈਂਸਰ, ਦਿਲ ਦੀ ਬਿਮਾਰੀ, ਗੁਰਦੇ ਅਤੇ ਜਿਗਰ ਦੀਆਂ ਬਿਮਾਰੀਆਂ। 7 ਗੰਭੀਰ ਬਿਮਾਰੀਆਂ ਦੀਆਂ ਦਵਾਈਆਂ ਸਸਤੀਆਂ ਕੀਤੀਆਂ ਗਈਆਂ ਹਨ, ਇਸ ਦੇ ਨਾਲ ਸੋਲਰ ਐਨਰਜੀ ਦਾ ਸਮਾਨ, ਕੈਂਸਰ ਦੀਆਂ 17 ਦਵਾਈਆਂ, ਸ਼ੂਗਰ ਦੀਆਂ ਦਵਾਈਆਂ, ਚਮੜੇ ਦਾ ਸਮਾਨ, ਮੋਬਾਇਲ, ਈਵੀ ਬੈਟਰੀਆਂ, ਮਾਈਕਰੋਵੇਵ ਓਵਨ, ਸੂਤੀ ਕੱਪੜੇ, ਜੁੱਤੀਆਂ ਸਸਤੀਆਂ ਕੀਤੀਆਂ ਗਈਆਂ ਹਨ। ਤਿੰਨ ਨਵੇਂ ਆਲ ਇੰਡੀਆ ਇੰਸਟੀਚਿਊਟ ਆਫ਼ ਆਯੁਰਵੇਦ ਸਥਾਪਿਤ ਕੀਤੇ ਜਾਣਗੇ। ਮੋਦੀ ਸਰਕਾਰ ਨੇ 16ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਕਰ ਲਿਆ ਹੈ ਕਿ ਟੈਕਸਾਂ ਦੀ ਵੰਡ ਵਿੱਚ ਰਾਜਾਂ ਦਾ ਹਿੱਸਾ 41% 'ਤੇ ਬਰਕਰਾਰ ਰੱਖਿਆ ਜਾਵੇਗਾ। ਲੜਕੀਆਂ ਦੇ ਲਈ ਖਾਸ ਤੋਹਫ਼ਾ ਦਿੱਤਾ ਗਿਆ ਹੈ। ਦੇਸ਼ ਦੇ ਹਰ ਜ਼ਿਲ੍ਹੇ ਵਿੱਚ ਇੱਕ ਗਰਲਜ਼ ਹੋਸਟਲ ਬਣਾਇਆ ਜਾਵੇਗਾ। ਭਾਜਪਾ ਆਗੂਆਂ ਨੇ ਕਿਹਾ ਕਿ ਇਸ ਤੋਂ ਇਲਾਵਾ ਬਜਟ ਵਿੱਚ ਕਈ ਅਜਿਹੀਆਂ ਤਜਵੀਜ਼ਾਂ ਦਿੱਤੀਆਂ ਗਈਆਂ ਹਨ ਜਿਸ ਨਾਲ ਗਰੀਬ ਅਤੇ ਮੱਧ ਵਰਗ ਨੂੰ ਰਾਹਤ ਮਿਲੇਗੀ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਭਾਜਪਾ ਦੇ ਜਿਲਾ ਮੀਤ ਪ੍ਰਧਾਨ ਹਰਦਿਆਲ ਸਿੰਘ ਗਹਿਰੀ ਮੰਡੀ, ਨੰਬਰਦਾਰ ਗੁਰਦਿਆਲ ਸਿੰਘ, ਸਰਕਲ ਪ੍ਰਧਾਨ ਬੀਬੀ ਸੁਖਵਿੰਦਰ ਕੌਰ ਵਡਾਲੀ, ਯੂਥ ਵਿੰਗ ਪ੍ਰਧਾਨ ਬਲਜਿੰਦਰ ਸਿੰਘ ਅਮਰਕੋਟ, ਨਿਰਵੈਲ ਸਿੰਘ ਵਡਾਲੀ, ਜਗਰੂਪ ਸਿੰਘ ਵਡਾਲੀ ਮੀਤ ਪ੍ਰਧਾਨ, ਸੁਰਜੀਤ ਸਿੰਘ ਰਾਏਪੁਰ, ਰਮਨ ਕੁਮਾਰ, ਬਾਜ ਸਿੰਘ, ਦੀਪਕ ਕੁਮਾਰ, ਸੁਖਵਿੰਦਰ ਸਿੰਘ ਰੂਬੀ, ਜੁਗਰਾਜ ਸਿੰਘ, ਬਲਵਿੰਦਰ ਸਿੰਘ ਕਿਲਾ ਜੀਵਨ ਸਿੰਘ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ ਵਡਾਲੀ ਤੋਂ ਇਲਾਵਾ ਹੋਰ ਵੀ ਭਾਜਪਾ ਅਹੁਦੇਦਾਰ ਹਾਜਰ ਸਨ।.





ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ

# ਲੋਕਾਂ ਲਈ ਹੋਵੇਗੀ ਲਾਹੇਵੰਦ - ਕਾਂਝਲਾ



ਧੂਰੀ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਯੋਜਨਾ ਸਕੀਮ ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ ਜੋ ਲੋੜਵੰਦਾਂ ਦਾ ਸਹਾਰਾ ਬਣੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ ਨੇ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਸਰਕਾਰ ਦਾ ਸਭ ਤੋਂ ਉੱਤਮ ਇਤਿਹਾਸਕ ਕਦਮ ਹੈ ਜਿਸ ਨਾਲ ਹਰੇਕ ਵਰਗ ਦੇ ਪਰਿਵਾਰਕ ਮੈਂਬਰ ਨੂੰ ਸਿਹਤ ਪੱਖੋਂ ਬਿਨਾਂ ਕਿਸੇ ਸ਼ਰਤ ਤੇ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਅਧੀਨ ਆਉਣ ਵਾਲਾ ਮਰੀਜ ਦਾ ਸਾਰਾ ਖਰਚ ਮਾਨ ਸਰਕਾਰ ਵੱਲੋਂ ਅਦਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੀ ਪਹਿਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜਿਸ ਨੇ ਹਰੇਕ ਵਰਗ ਨੂੰ ਬਰਾਬਰਤਾ ਦਾ ਦਰਜਾ ਦਿੱਤਾ ਹੈ ਲੋਕਾਂ ਨਾਲ ਕੀਤੇ ਹਰੇਕ ਵਾਅਦੇ ਨੂੰ ਸਮਾਂ ਰਹਿੰਦਿਆਂ ਪੂਰਾ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਇਆ ਜਾਵੇ ਅਤੇ ਵੱਧ ਤੋਂ ਵੱਧ ਕਾਰਡ ਬਣਾਏ ਜਾਣ ਤਾਂ ਕੋਈ ਵੀ ਇਲਾਜ਼ ਕਰਾਉਣ ਤੋਂ ਵਾਂਝਾ ਨਾ ਰਹੇ। ਇਸ ਮੌਕੇ ਸਰਪੰਚ ਅਲਾਲ ,ਬਖਸੀਸ ਸਿੰਘ ਅਲਾਲ ਪੀ ਏ ਹਾਜ਼ਰ ਸਨ।

ਕੇਂਦਰੀ ਬਜਟ ਵਿੱਚ ਪੰਜਾਬ ਲਈ ਕੁਝ ਨਹੀਂ, ਵੱਡੇ ਅੰਕੜੇ ਪਰ ਹੱਥ ਖਾਲੀ- ਨੀਲ ਗਰਗ

# ਦੇਸ਼ ਦਾ ਅਨਾਜ ਭੰਡਾਰ ਭਰਨ ਵਾਲਾ ਪੰਜਾਬ ਬਜਟ ਵਿੱਚ ਦੂਰਬੀਨ ਨਾਲ ਵੀ ਨਹੀਂ ਲੱਭਦਾ- 'ਆਪ'



ਬਠਿੰਡਾ, 1 ਫਰਵਰੀ (ਗੁਰਜੰਟ ਸਿੰਘ ਨਥੇਹਾ)- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਆਗੂ ਨੀਲ ਗਰਗ ਨੇ ਕੇਂਦਰ ਸਰਕਾਰ ਦੇ ਬਜਟ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਬਜਟ ਵੱਡੇ-ਵੱਡੇ ਅੰਕੜਿਆਂ ਅਤੇ ਖੋਖਲੀਆਂ ਘੋਸ਼ਣਾਵਾਂ ਨਾਲ ਤਾਂ ਭਰਪੂਰ ਹੈ ਪਰ ਪੰਜਾਬ ਲਈ ਇਸ ਵਿੱਚ ਕੁਝ ਵੀ ਨਹੀਂ। ਉਨ੍ਹਾਂ ਕਿਹਾ ਕਿ ਦੇਸ਼ ਦੇ ਅਨਾਜ ਭੰਡਾਰ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲਾ ਅਤੇ ਦੇਸ਼ ਦੀ ਸੁਰੱਖਿਆ ਵਿੱਚ ਸਭ ਤੋਂ ਅਹਿਮ ਭੂਮਿਕਾ ਨਿਭਾਉਣ ਵਾਲਾ ਪੰਜਾਬ ਇਸ ਬਜਟ ਵਿੱਚ ਦੂਰਬੀਨ ਲੈ ਕੇ ਵੀ ਲੱਭਣ ਜੋਗਾ ਨਹੀਂ। ਨੀਲ ਗਰਗ ਨੇ ਕਿਹਾ ਕਿ ਬਜਟ ਵਿੱਚ ਪੰਜਾਬ ਲਈ ਕਿਸੇ ਵੀ ਵਿਸ਼ੇਸ਼ ਆਰਥਿਕ ਪੈਕੇਜ, ਇੰਡਸਟਰੀਅਲ ਸਪੈਸ਼ਲ ਜ਼ੋਨ ਜਾਂ ਨਿਵੇਸ਼ ਇਨਸੈਂਟਿਵ ਦਾ ਕੋਈ ਜ਼ਿਕਰ ਨਹੀਂ ਹੈ। ਨਾ ਕਿਸਾਨਾਂ ਲਈ ਕੋਈ ਠੋਸ ਰਾਹਤ ਹੈ, ਨਾ ਨੌਜਵਾਨਾਂ ਲਈ ਰੁਜ਼ਗਾਰ ਦੀ ਸਪਸ਼ਟ ਯੋਜਨਾ ਹੈ, ਨਾ ਇੰਡਸਟਰੀ ਲਈ ਕੋਈ ਨਵਾਂ ਰੋਡਮੈਪ ਹੈ ਅਤੇ ਨਾ ਹੀ ਆਮ ਪਰਿਵਾਰਾਂ ਨੂੰ ਮਹਿੰਗਾਈ ਅਤੇ ਗਰੀਬੀ ਤੋਂ ਬਚਾਉਣ ਲਈ ਕੋਈ ਪ੍ਰਭਾਵਸ਼ਾਲੀ ਕਦਮ ਹੈ। ਆਪ ਆਗੂ ਨੇ ਯਾਦ ਦਿਵਾਇਆ ਕਿ ਪੰਜਾਬ ਦਾ ਕਿਸਾਨ ਅੱਜ ਵੀ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਉਡੀਕ ਕਰ ਰਿਹਾ ਹੈ ਪਰ ਬਜਟ ਵਿੱਚ ਇਸ 'ਤੇ ਇੱਕ ਸ਼ਬਦ ਵੀ ਨਹੀਂ ਬੋਲਿਆ ਗਿਆ। ਖੇਤੀ ਦੇ ਨਾਮ 'ਤੇ ਭਾਸ਼ਣ ਤਾਂ ਬਹੁਤ ਹਨ ਪਰ ਕਿਸਾਨ ਦੀ ਆਮਦਨ ਵਧਾਉਣ ਦੀ ਕੋਈ ਠੋਸ ਗਾਰੰਟੀ ਨਹੀਂ ਹੈ। ਨੀਲ ਗਰਗ ਨੇ ਕਿਹਾ ਕਿ ਪੰਜਾਬ ਦਾ ਨੌਜਵਾਨ ਅੱਜ ਵੀ 2014 ਦਾ ਉਹ ਵਾਅਦਾ ਯਾਦ ਕਰ ਰਿਹਾ ਹੈ ਜਿਸ ਵਿੱਚ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦੀ ਗੱਲ ਕਹੀ ਗਈ ਸੀ ਜੋ ਅੱਜ ਤੱਕ ਸਿਰਫ਼ ਜੁਮਲਾ ਹੀ ਸਾਬਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਕਿਲ, ਏਆਈ ਬਲੈਕ ਅਤੇ ਟੈਕ ਦੀਆਂ ਗੱਲਾਂ ਬਹੁਤ ਕੀਤੀਆਂ ਗਈਆਂ ਪਰ ਪੰਜਾਬ ਦੇ ਨੌਜਵਾਨਾਂ ਲਈ ਸਿੱਧਾ ਰੁਜ਼ਗਾਰ ਰੋਡਮੈਪ ਗਾਇਬ ਹੈ। ਆਪ ਆਗੂ ਨੇ ਕਿਹਾ ਕਿ 10,000 ਕਰੋੜ ਅਤੇ 40,000 ਕਰੋੜ ਵਰਗੇ ਅੰਕੜੇ ਸੁਣਨ ਨੂੰ ਤਾਂ ਸੋਹਣੇ ਲੱਗਦੇ ਹਨ ਪਰ ਰਾਜਾਂ ਨੂੰ ਅਸਲ ਵਿੱਚ ਕੀ ਮਿਲਿਆ ਇਹ ਕਦੇ ਵੀ ਸਾਫ਼ ਨਹੀਂ ਦੱਸਿਆ ਜਾਂਦਾ। ਨੀਲ ਗਰਗ ਨੇ ਸਪਸ਼ਟ ਕਿਹਾ ਕਿ ਵਿਕਾਸ ਸਿਰਫ਼ ਪ੍ਰੈੱਸ ਕਾਨਫਰੰਸਾਂ ਰਾਹੀਂ ਨਹੀਂ ਹੁੰਦਾ। ਅਸਲੀ ਵਿਕਾਸ ਉਹ ਹੈ ਜਦੋਂ ਕਿਸਾਨ ਦੀ ਜੇਬ ਭਰਦੀ ਹੈ ਅਤੇ ਨੌਜਵਾਨ ਦੇ ਹੱਥ ਵਿੱਚ ਨੌਕਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਆਪਣੇ ਹੱਕ ਚਾਹੀਦੇ ਹਨ, ਖੋਖਲੇ ਵਾਅਦੇ ਨਹੀਂ।



# ਧਿਆਨ ਆਸ਼ਾਵਾਦ ਤੇ ਮਾਨਸਿਕ ਮਜ਼ਬੂਤੀ ਨੂੰ ਕਿਵੇਂ ਉਤਸ਼ਾਹਿਤ ਕਰਦਾ ਹੈ ?

ਅੱਜ ਦੇ ਤੇਜ਼ ਰਫ਼ਤਾਰ ਤੇ ਤਣਾਅ-ਭਰੇ ਯੁੱਗ ਵਿੱਚ ਆਸ਼ਾਵਾਦ ਜੀਵਨ ਦੀਆਂ ਚੁਣੌਤੀਆਂ ਵੱਲ ਸਕਾਰਾਤਮਕ ਦ੍ਰਿਸ਼ਟੀਕੋਣ ਰੱਖਣ ਦੀ ਯੋਗਤਾ — ਮਾਨਸਿਕ ਅਤੇ ਸਰੀਰਕ ਸਿਹਤ ਦਾ ਬੁਨਿਆਦੀ ਤੱਤ ਬਣ ਚੁੱਕੀ ਹੈ। ਇਸ ਆਸ਼ਾਵਾਦ ਨੂੰ ਵਿਕਸਿਤ ਕਰਨ ਲਈ ਸਭ ਤੋਂ ਪ੍ਰਭਾਵਸ਼ਾਲੀ ਢੰਗਾਂ ਵਿੱਚੋਂ ਇੱਕ ਹੈ ਧਿਆਨ ਇੱਕ ਐਸੀ ਪ੍ਰਕਿਰਿਆ ਜੋ ਪ੍ਰਾਚੀਨ ਆਧਿਆਤਮਿਕ ਪਰੰਪਰਾਵਾਂ ਵਿੱਚ ਬਹੁਤ ਡੂੰਘਾ ਦਰਜ਼ ਹੋਈ ਹੈ ਪਰ ਹੁਣ ਆਧੁਨਿਕ ਵਿਗਿਆਨ ਤੇ ਮਨੋਵਿਗਿਆਨ ਦੁਆਰਾ ਮਜ਼ਬੂਤੀ ਨਾਲ ਵੀ ਆਸ਼ਾਵਾਦ ਦੀ ਸਹਿਯੋਗੀ ਮੰਨੀ ਗਈ ਹੈ। ਵਿਗਿਆਨਕ ਖੋਜ ਸਾਬਤ ਕਰ ਰਹੀ ਹੈ ਕਿ ਧਿਆਨ ਸਿਰਫ਼ ਸ਼ਾਂਤ ਬੈਠਣ ਦੀ ਕਿਰਿਆ ਨਹੀਂ, ਸਗੋਂ ਇਹ ਦਿਮਾਗ ਦੀ ਸੰਰਚਨਾ ਤੇ ਭਾਵਨਾਤਮਕ ਪ੍ਰਤੀਕਿਰਿਆਵਾਂ ਨੂੰ ਬਦਲਣ ਵਾਲੀ ਮਨੋਵਿਗਿਆਨਿਕ ਪ੍ਰਕਿਰਿਆ ਹੈ, ਜੋ ਮਨੁੱਖ ਵਿੱਚ ਆਸ਼ਾਵਾਦ, ਭਾਵਨਾਤਮਕ ਸੰਤੁਲਨ ਤੇ ਮਾਨਸਿਕ ਲਚੀਲਾਪਨ ਪੈਦਾ ਕਰਦੀ ਹੈ।

1. **ਧਿਆਨ ਤੇ ਸਕਾਰਾਤਮਕ ਸੋਚ ਦਾ ਮਨੋਵਿਗਿਆਨ**-ਧਿਆਨ ਦਿਮਾਗ ਦੇ ਉਹ ਹਿੱਸਿਆਂ ਨੂੰ ਕਿਰਿਆਸ਼ੀਲ ਕਰਦਾ ਹੈ ਜੋ ਭਾਵਨਾਤਮਕ ਨਿਯੰਤਰਣ ਤੇ ਸਵੈ-ਜਾਗਰੂਕਤਾ ਨਾਲ ਸੰਬੰਧਤ ਹਨ — ਜਿਵੇਂ ਕਿ ਪ੍ਰੀਫਰੰਟਲ ਕੋਰਟੈਕਸ, ਐਮੀਗਡਾਲਾ ਅਤੇ ਐਂਟੀਰੀਅਰ ਸਿੰਗੂਲੇਟ ਕੋਰਟੈਕਸ। ਹਾਰਵਰਡ ਮੈਡੀਕਲ ਸਕੂਲ ਅਤੇ ਵਿਸਕੌਨਸਿਨ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਦੀਆਂ ਅਧਿਐਨ ਰਿਪੋਰਟਾਂ ਦਿਖਾਉਂਦੀਆਂ ਹਨ ਕਿ ਨਿਯਮਤ ਧਿਆਨ ਨਾਲ ਪ੍ਰੀਫਰੰਟਲ ਕੋਰਟੈਕਸ ਵਿੱਚ ਗ੍ਰੇ ਮੈਟਰ ਦੀ ਘਣਤਾ ਵਧਦੀ ਹੈ — ਜੋ ਸਕਾਰਾਤਮਕ ਭਾਵਨਾਵਾਂ ਤੇ ਫ਼ੈਸਲਾ ਕਰਨ ਦੀ ਸਮਰੱਥਾ ਨਾਲ ਜੁੜੀ ਹੈ। ਇਸਦੇ ਨਾਲ ਹੀ ਧਿਆਨ ਐਮੀਗਡਾਲਾ ਦੀ ਗਤੀਵਿਧੀ ਘਟਾ ਦਿੰਦਾ ਹੈ — ਜੋ ਡਰ ਤੇ ਤਣਾਅ ਦਾ ਕੇਂਦਰ ਮੰਨਿਆ ਜਾਂਦਾ ਹੈ। ਇਹ ਤਬਦੀਲੀ ਮਨੁੱਖ ਨੂੰ ਨਕਾਰਾਤਮਕ ਸਥਿਤੀਆਂ ਦਾ ਸਾਹਮਣਾ ਸ਼ਾਂਤੀ ਤੇ ਸੰਜਮ ਨਾਲ ਕਰਨ ਵਿੱਚ ਸਹਾਇਕ ਬਣਾਉਂਦੀ ਹੈ ਜਿਸ ਨਾਲ ਆਸ਼ਾਵਾਦੀ ਸੋਚ ਦੀ ਆਦਤ ਬਣਦੀ ਹੈ।

2. **ਹਾਰਮੋਨ ਤੇ ਸਰੀਰਕ ਪ੍ਰਭਾਵ**-ਧਿਆਨ ਮਨ ਤੇ ਸਰੀਰ ਵਿਚਲੇ ਸੰਬੰਧ ਨੂੰ ਗਹਿਰਾਈ ਨਾਲ ਪ੍ਰਭਾਵਿਤ ਕਰਦਾ ਹੈ। ਖੋਜ ਦਰਸਾਉਂਦੀ ਹੈ ਕਿ ਨਿਯਮਤ ਧਿਆਨ ਨਾਲ ਕੋਰਟੀਸੋਲ (ਤਣਾਅ ਹਾਰਮੋਨ) ਦੀ ਮਾਤਰਾ ਘੱਟਦੀ ਹੈ ਅਤੇ ਸੈਰੋਟੋਨਿਨ, ਡੋਪਾਮਾਈਨ ਅਤੇ ਐਂਡੋਰਫਿਨਜ਼ ਵਰਗੇ "ਖ਼ੁੱਸ਼ੀ ਦੇ ਰਸਾਇਣ" ਵੱਧਦੇ ਹਨ। ਇਸ ਨਾਲ ਰਕਤ-ਦਬਾਅ ਘੱਟਦਾ ਹੈ, ਦਿਲ ਦੀ ਧੜਕਨ ਸਥਿਰ ਹੁੰਦੀ ਹੈ ਅਤੇ ਸਰੀਰ ਦਾ ਸਵੈ ਚਾਲਤ ਨਰਵਸ ਸਿਸਟਮ ਸੰਤੁਲਿਤ ਰਹਿੰਦਾ ਹੈ। ਇਹ ਸਰੀਰਕ ਸ਼ਾਂਤੀ ਮਨ ਵਿੱਚ ਸਥਿਰਤਾ ਤੇ ਆਸ਼ਾਵਾਦ ਦੀ ਬੁਨਿਆਦ ਰੱਖਦੀ ਹੈ।

3. **ਮਨੋਵਿਗਿਆਨਕ ਪ੍ਰਭਾਵ: ਸੋਚ ਦੇ ਢੰਗ ਵਿੱਚ ਬਦਲਾਅ**-ਮਨੋਵਿਗਿਆਨਕ ਪੱਧਰ 'ਤੇ ਧਿਆਨ ਮਾਈਂਡਫੁਲਨੈੱਸ ਨੂੰ ਉਤਸ਼ਾਹਿਤ ਕਰਦਾ ਹੈ — ਜਿਸਦਾ ਅਰਥ ਹੈ ਆਪਣੇ ਵਿਚਾਰਾਂ ਤੇ ਭਾਵਨਾਵਾਂ ਦੀ ਸੂਚੇਤਨ ਨਿਗਰਾਨੀ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ। ਇਹ ਜਾਗਰੂਕਤਾ ਮਨੁੱਖ ਨੂੰ ਨਕਾਰਾਤਮਕ ਵਿਚਾਰਾਂ ਤੋਂ ਅਲੱਗ ਰਹਿਣ ਤੇ ਉਨ੍ਹਾਂ ਨੂੰ ਰਚਨਾਤਮਕ ਢੰਗ ਨਾਲ ਦੇਖਣ ਦੀ ਸਮਰੱਥਾ ਦਿੰਦੀ ਹੈ। ਵਿਸ਼ਵ ਪੱਧਰ ਤੇ ਪ੍ਰਕਾਸ਼ਿਤ ਖ਼ੋਜਾਂ ਅਤੇ ਅਧਿਐਨ ਦਰਸਾਉਂਦੇ ਹਨ ਕਿ ਜੋ ਲੋਕ ਨਿਯਮਤ ਧਿਆਨ ਕਰਦੇ ਹਨ ਉਹਨਾਂ ਵਿੱਚ ਆਸ਼ਾਵਾਦ ਤੇ ਜੀਵਨ ਸੰਤੁਸ਼ਟੀ ਦੇ ਪੱਧਰ ਕਾਫ਼ੀ ਉੱਚੇ ਹੁੰਦੇ ਹਨ।

4. **ਧਿਆਨ ਇੱਕ ਮਾਨਸਿਕ ਇਲਾਜ ਵਜੋਂ**-ਧਿਆਨ ਕੇਵਲ ਮਾਨਸਿਕ ਸ਼ਾਂਤੀ ਲਈ ਹੀ ਨਹੀਂ ਸਗੋਂ ਡਰ, ਚਿੰਤਾ ਤੇ ਬੈਚੇਨੀ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਵੀ ਪ੍ਰਭਾਵਸ਼ਾਲੀ ਸਾਧਨ ਹੈ। ਕਈ ਕਲੀਨਿਕਲ ਅਧਿਐਨ ਦਰਸਾਉਂਦੇ ਹਨ ਕਿ ਮਾਈਂਡਫੁਲਨੈੱਸ-ਬੇਸਡ ਕਾਗਨੀਟਿਵ ਥੈਰਪੀ ਜਾਂ ਟ੍ਰਾਂਸੈਂਡੈਂਟਲ ਮੈਡੀਟੇਸ਼ਨ ਡਿਪ੍ਰੈਸ਼ਨ ਦੇ ਦੁਬਾਰਾ ਆਉਣ ਦੇ ਖ਼ਤਰੇ ਨੂੰ ਲਗਭਗ 50% ਤੱਕ ਘੱਟਾ ਸਕਦੇ ਹਨ। ਧਿਆਨ ਕਰਨ ਵਾਲੇ ਆਸ਼ਾਵਾਦੀ ਵਿਅਕਤੀਆਂ ਵਿੱਚ ਰੋਗ-ਪ੍ਰਤੀ ਰੋਧਕ ਸ਼ਕਤੀ ਵੱਧਦੀ ਹੈ, ਤਣਾਅ-ਸੰਬੰਧੀ ਰੋਗ ਘੱਟਦੇ ਹਨ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ।

5. **ਸਮਾਜਿਕ ਤੇ ਵਿਉਹਾਰਕ ਪ੍ਰਭਾਵ**-ਧਿਆਨ ਦੇ ਸਮਾਜਿਕ ਲਾਭ ਵੀ ਗਹਿਰੇ ਹਨ। ਆਸ਼ਾਵਾਦੀ ਵਿਅਕਤੀ ਆਮ ਤੌਰ 'ਤੇ ਹੋਰਾਂ ਨਾਲ ਜ਼ਿਆਦਾ ਸਹਿਯੋਗ ਤੇ ਹਮਦਰਦੀ ਦਿਖਾਉਂਦੇ ਹਨ। ਧਿਆਨ ਇੰਸੂਲਾ ਤੇ ਮਿਰਰ ਨਿਊਰਾਨ ਨੈੱਟਵਰਕ ਨੂੰ ਕਿਰਿਆਸ਼ੀਲ ਕਰਦਾ ਹੈ, ਜਿਸ ਨਾਲ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਸੰਬੰਧ ਬਣਾਉਣ ਦੀ ਯੋਗਤਾ ਵੱਧਦੀ ਹੈ। ਕਾਰਜਸਥਲਾਂ ਤੇ ਸਿੱਖਿਆ ਸੰਸਥਾਵਾਂ ਵਿੱਚ ਗਰੁੱਪ ਧਿਆਨ ਦੇ ਪ੍ਰੋਗਰਾਮਾਂ ਨਾਲ ਟੀਮ-ਸਪਿਰਟ, ਰਚਨਾਤਮਕਤਾ ਤੇ ਸਮੂਹਿਕ ਆਸ਼ਾਵਾਦ ਵਿੱਚ ਸੁਧਾਰ ਦੇ ਸਬੂਤ ਮਿਲੇ ਹਨ।

6. **ਭਵਿੱਖ ਲਈ ਵਿਗਿਆਨਕ ਦਿਸ਼ਾਵਾਂ**-ਵਿਗਿਆਨੀ ਹੁਣ ਇਹ ਪਤਾ ਲਗਾ ਰਹੇ ਹਨ ਕਿ ਵੱਖ-ਵੱਖ ਧਿਆਨ ਪ੍ਰਣਾਲੀਆਂ — ਜਿਵੇਂ ਕਿ ਲਵਿੰਗ ਕਾਈਂਡਨੈੱਸ ਮੈਡੀਟੇਸ਼ਨ, ਮਾਈਂਡਫੁਲਨੈੱਸ, ਜਾਂ ਟ੍ਰਾਂਸੈਂਡੈਂਟਲ ਧਿਆਨ — ਕਿਵੇਂ ਵਿਲੱਖਣ ਢੰਗ ਨਾਲ ਆਸ਼ਾਵਾਦ ਤੇ ਸਿਹਤ 'ਤੇ ਅਸਰ ਪਾਉਂਦੀਆਂ ਹਨ। ਭਵਿੱਖ ਵਿੱਚ ਜਿਵੇਂ ਮਨੋਵਿਗਿਆਨ ਤੇ ਨਿਊਰੋਸਾਇੰਸ ਵਿੱਚ ਉੱਨਤੀ ਹੋ ਰਹੀ ਹੈ, ਧਿਆਨ ਨੂੰ ਇੱਕ ਵੈਧ ਥੈਰਾਪੀਕ ਇੰਟਰਵੇਂਸ਼ਨ ਵਜੋਂ ਮੰਨਿਆ ਜਾ ਸਕਦਾ ਹੈ ਜੋ ਆਸ਼ਾਵਾਦ ਤੇ ਮਾਨਸਿਕ ਮਜ਼ਬੂਤੀ ਵੱਧਾਉਣ ਲਈ ਵਰਤੀ ਜਾਵੇਗੀ। ਧਿਆਨ ਮਨੁੱਖਤਾ ਦੇ ਲਈ ਪ੍ਰਾਚੀਨ ਗਿਆਨ ਤੇ ਆਧੁਨਿਕ ਵਿਗਿਆਨ ਦੇ ਮਿਲਾਪ ਦੀ ਸੁੰਦਰ ਉਦਾਹਰਨ ਹੈ। ਇਹ ਦਿਮਾਗੀ ਰਸਾਇਣ, ਭਾਵਨਾਤਮਕ ਸੰਤੁਲਨ ਅਤੇ ਸੋਚ ਦੇ ਢੰਗ ਵਿੱਚ ਸੁਧਾਰ ਕਰਕੇ ਜੀਵਨ ਨੂੰ ਆਸ਼ਾਵਾਦੀ ਦਿਸ਼ਾ ਵਿੱਚ ਮੋੜਦਾ ਹੈ। ਅੱਜ ਜਦੋਂ ਅਨਿਸ਼ਿਚਤਤਾ ਸੰਸਾਰ ਵਿੱਚ ਵਿਆਪਕ ਹੈ ਧਿਆਨ ਨੂੰ ਇੱਕ ਵਿਗਿਆਨਕ ਅਧਾਰਿਤ ਜਨਸਿਹਤ ਪ੍ਰਯੋਗ ਵਜੋਂ ਪ੍ਰਚਾਰ ਕਰਨਾ ਸਮੂਹਕ ਆਸ਼ਾਵਾਦ ਤੇ ਭਾਵਨਾਤਮਕ ਤੰਦਰੁਸਤੀ ਵੱਧਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਕਦਮ ਹੋ ਸਕਦਾ ਹੈ।

**-ਡਾ.ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸਤਿਕਾਰਯੋਗ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਦਿੱਤੀ ਵਧਾਈ



ਨਵੀਂ ਦਿੱਲੀ, 1 ਫ਼ਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਤਿਕਾਰਤ ਭਗਤ ਰਵਿਦਾਸ ਜੀ ਦੇ ਪਾਵਨ ਜਨਮ ਦਿਹਾੜੇ ਮੌਕੇ ਸਮੂਹ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਗਤ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪਾਵਨ ਬਾਣੀ ਮਨੁੱਖ ਨੂੰ ਅਕਾਲ ਪੁਰਖ ਨਾਲ ਮਿਲਾਪ ਦਾ ਸੁੱਚਾ ਮਾਰਗ ਦਰਸਾਉਣ ਦੇ ਨਾਲ ਨਾਲ ਸਮਾਜ ਵਿੱਚ ਫੈਲੀਆਂ ਬੁਰਾਈਆਂ ਵਿਰੁੱਧ ਸਖ਼ਤ ਤੇ ਸਪੱਸ਼ਟ ਸੰਦੇਸ਼ ਵੀ ਦਿੰਦੀ ਹੈ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੀ ਬਾਣੀ ਸਮਾਨਤਾ, ਭਾਈਚਾਰੇ, ਮਨੁੱਖੀ ਗੌਰਵ ਅਤੇ ਸਮਾਜਿਕ ਨਿਆਂ ਦਾ ਪ੍ਰਤੀਕ ਹੈ। ਭਗਤ ਰਵਿਦਾਸ ਜੀ ਨੇ ਆਪਣੀ ਮੁਬਾਰਕ ਬਾਣੀ ਰਾਹੀਂ ਮਨੁੱਖ ਨੂੰ ਕਰਮਕਾਂਡਾਂ ਤੋਂ ਉਪਰ ਉਠ ਕੇ ਸੱਚ, ਸੇਵਾ ਅਤੇ ਨਾਮ ਸਿਮਰਨ ਰਾਹੀਂ ਜੀਵਨ ਜੀਊਣ ਦੀ ਪ੍ਰੇਰਣਾ ਦਿੱਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਭਗਤ ਰਵਿਦਾਸ ਜੀ ਵੱਲੋਂ ਦਰਸਾਇਆ ਗਿਆ ਸਮਾਜਿਕ ਮਾਡਲ ਅੱਜ ਦੇ ਸਮੇਂ ਵਿੱਚ ਹੋਰ ਵੀ ਵਧੇਰੇ ਪ੍ਰਾਸੰਗਿਕ ਹੋ ਜਾਂਦਾ ਹੈ, ਜਿੱਥੇ ਮਨੁੱਖਤਾ ਨੂੰ ਵੰਡਣ ਵਾਲੀਆਂ ਤਾਕਤਾਂ ਸਾਹਮਣੇ ਖੜ੍ਹ ਕੇ ਸਾਰਿਆਂ ਨੂੰ ਏਕਤਾ ਅਤੇ ਬਰਾਬਰੀ ਦਾ ਸੁਨੇਹਾ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਅਸੀਂ ਭਗਤ ਰਵਿਦਾਸ ਜੀ ਦਾ ਪਾਵਨ ਜਨਮ ਦਿਹਾੜਾ ਮਨਾ ਰਹੇ ਹਾਂ ਤਾਂ ਸਾਨੂੰ ਉਨ੍ਹਾਂ ਦੀ ਸਿੱਖਿਆ ਤੋਂ ਪ੍ਰੇਰਣਾ ਲੈ ਕੇ ਸੁਖਦ ਸਮਾਜ ਦੀ ਸਿਰਜਣਾ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ।

# ਬਜਟ ਵਿੱਚ ਪੰਜਾਬ ਲਈ ਕੁਝ ਵੀ ਖਾਸ ਨਹੀਂ: ਵਿਕਰਮਜੀਤ ਸਾਹਨੀ



ਨਵੀਂ ਦਿੱਲੀ 1 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਤੋਂ ਰਾਜ ਸਭਾ ਮੈਂਬਰ, ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ ਬੇਸ਼ੱਕ ਕੇਂਦਰੀ ਬਜਟ 2026 ਵਿੱਚ ਕਈ ਦੂਰਦਰਸ਼ੀ ਐਲਾਨ ਕੀਤੇ ਗਏ ਹਨ ਪਰ ਪੰਜਾਬ ਲਈ ਕੋਈ ਖਾਸ ਜਾਂ ਨਿਸ਼ਾਨਾਬੱਧ ਪੈਕੇਜ ਪ੍ਰਦਾਨ ਨਹੀਂ ਕੀਤਾ ਗਿਆ, ਖਾਸ ਕਰਕੇ ਉਨ੍ਹਾਂ ਖੇਤਰਾਂ ਨੂੰ ਵੀ ਨਜ਼ਰ ਅੰਦਾਜ਼ ਕੀਤਾ ਗਿਆ ਹੈ ਜਿੱਥੇ ਰਾਜ ਨੂੰ ਤੁਰੰਤ ਸਹਾਇਤਾ ਦੀ ਲੋੜ ਹੈ। ਖੇਤੀਬਾੜੀ ਦਾ ਹਵਾਲਾ ਦਿੰਦਿਆਂ, ਡਾ.ਸਾਹਨੀ ਨੇ ਕਿਹਾ ਕਿ ਪੰਜਾਬ ਫਸਲੀ ਵਿਭਿੰਨਤਾ ਦੀ ਰਾਸ਼ਟਰੀ ਚੁਣੌਤੀ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ, ਪਰ ਬਜਟ ਵਿੱਚ ਫਸਲੀ ਵਿਭਿੰਨਤਾ ਜਾਂ ਖੇਤੀਬਾੜੀ ਤਕਨੀਕ ਲਈ ਕੋਈ ਠੋਸ ਵਿੱਤੀ ਜਾਂ ਨੀਤੀਗਤ ਉਤਸਾਹ ਨਹੀਂ ਦਿੱਤਾ ਗਿਆ ਹੈ। ਬਜਟ ਵਿੱਚ ਸਿਰਫ ਇੱਕ ਏਆਈ-ਅਧਾਰਤ ਕਿਸਾਨ ਗਿਆਨ ਪ੍ਰਣਾਲੀ ਦਾ ਆਮ ਜ਼ਿਕਰ ਕੀਤਾ ਗਿਆ ਹੈ। ਡਾ. ਸਾਹਨੀ ਨੇ ਅੱਗੇ ਕਿਹਾ ਕਿ ਜਦੋਂ ਕਿ ਬਜਟ ਵਿੱਚ ਸੈਮੀਕੰਡਕਟਰ ਈਕੋਸਿਸਟਮ ਲਈ ?20,000 ਕਰੋੜ ਦਾ ਐਲਾਨ ਕੀਤਾ ਗਿਆ ਹੈ , ਮੋਹਾਲੀ ਸਥਿਤ ਸੈਮੀਕੰਡਕਟਰ ਲੈਬਾਰਟਰੀ ਨੂੰ ਅਜੇ ਤੱਕ ਲਗਭਗ ਦੋ ਸਾਲ ਪਹਿਲਾਂ ਇਸਦੇ ਆਧੁਨਿਕੀਕਰਨ ਲਈ ਪ੍ਰਵਾਨਿਤ ਅਤੇ ਐਲਾਨ ਕੀਤੇ ਗਏ ?10,000 ਕਰੋੜ ਪ੍ਰਾਪਤ ਨਹੀਂ ਹੋਏ ਹਨ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਨਵੀਨਤਮ ਬਜਟ ਐਲਾਨ ਐਸਸੀਐਲ ਮੋਹਾਲੀ ਦੇ ਨਵੀਨੀਕਰਨ ਲਈ ਇਸ ਫੰਡਿੰਗ ਨੂੰ ਸੁਰੱਖਿਅਤ ਕਰੇਗਾ। ਡਾ. ਸਾਹਨੀ ਨੇ ਕਿਹਾ ਕਿ ਖੇਡ ਸਮਾਨ ਨਿਰਮਾਣ ਲਈ ਰਾਸ਼ਟਰੀ ਪਹਿਲਕਦਮੀ ਦਾ ਐਲਾਨ ਇੱਕ ਸਵਾਗਤਯੋਗ ਕਦਮ ਹੈ ਅਤੇ ਜੇਕਰ ਇਸਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਜਲੰਧਰ ਦੇ ਵਿਸ਼ਵ ਪ੍ਰਸਿੱਧ ਖੇਡ ਸਮਾਨ ਉਦਯੋਗ ਨੂੰ ਲਾਭ ਪਹੁੰਚਾ ਸਕਦਾ ਹੈ। ਇਸੇ ਤਰ੍ਹਾਂ, ਉਨ੍ਹਾਂ ਕਿਹਾ ਕਿ ਕਿਰਤ-ਅਧਾਰਤ ਟੈਕਸਟਾਈਲ ਸੈਕਟਰ ਲਈ ਏਕੀਕ੍ਰਿਤ ਟੈਕਸਟਾਈਲ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਹੈ, ਪਰ ਇਸਦੀ ਅਸਲ ਪ੍ਰੀਖਿਆ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਸਿੱਧੇ ਲਾਭਾਂ ਦੀ ਹੋਵੇਗੀ, ਖਾਸ ਕਰਕੇ ਲੁਧਿਆਣਾ ਦੇ ਹੌਜ਼ਰੀ ਅਤੇ ਨਿਟਵੇਅਰ ਉਦਯੋਗ - ਜੋ ਲੱਖਾਂ ਕਾਮਿਆਂ ਨੂੰ ਰੁਜ਼ਗਾਰ ਦਿੰਦੇ ਹਨ। ਡਾ. ਸਾਹਨੀ ਨੇ ਇਸ ਗੱਲ 'ਤੇ ਵੀ ਨਿਰਾਸ਼ਾ ਪ੍ਰਗਟ ਕੀਤੀ ਕਿ ਸੂਬੇ ਦੇ ਭਾਰੀ ਕਰਜ਼ੇ ਦੇ ਬੋਝ ਅਤੇ ਰਣਨੀਤਕ ਸਰਹੱਦੀ ਸਥਾਨ ਦੇ ਬਾਵਜੂਦ ਪੰਜਾਬ ਲਈ ਕੋਈ ਵਿਸ਼ੇਸ਼ ਆਰਥਿਕ ਜਾਂ ਸਰਹੱਦੀ-ਖੇਤਰ ਪੈਕੇਜ ਦਾ ਐਲਾਨ ਨਹੀਂ ਕੀਤਾ ਗਿਆ।

# ਸਤਿਗੁਰੂ ਰਵਿਦਾਸ ਮਹਾਰਾਜ ਦਾ ਸਮੁੱਚਾ ਜੀਵਨ ਸੰਘਰਸ਼ਮਈ ਰਿਹਾ :ਕਮਲਜੀਤ ਸਿੰਘ ਚੱਕ





**ਮਹਿਲ ਕਲਾਂ ( ਰਣਜੀਤ ਸਿੰਘ ਪੇਧਨੀ )**-ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਤੇ ਸ਼ੁਭਕਾਮਨਾਵਾਂ ਦਿੰਦਿਆਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ,ਹਲਕਾ ਮਹਿਲ ਕਲਾਂ ਦੇ ਉੱਘੇ ਸਮਾਜ ਸੇਵੀ ਕਮਲਜੀਤ ਸਿੰਘ ਚੱਕ ਨੇ ਕਿਹਾ ਕਿ ਸਮੂਹ ਜਗਤ ਤੇ ਰਵਿਦਾਸੀਆਂ ਨਾਮਲੇਵਾ ਸੰਗਤਾਂ ਨੂੰ ਅੱਜ ਗੁਰੂ ਰਵਿਦਾਸ ਮਹਾਰਾਜ ਦੇ ਦਰਸਾਏ ਮਾਰਗ 'ਤੇ ਚੱਲ ਕੇ ਅਪਣਾ ਜੀਵਨ ਸਫ਼ਲ ਕਰਨ ਦੀ ਬੇਹੱਦ (ਅਥਾਹ) ਜ਼ਰੂਰਤ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਸਮੁੱਚਾ ਜੀਵਨ ਅਥਾਹ ਸੰਘਰਸ਼ਮਈ ਰਿਹਾ। ਉਨ੍ਹਾਂ ਦੇ ਜੀਵਨ ਦਾ ਪਲ ਪਲ ਸਾਡੇ ਲਈ ਪ੍ਰੇਰਨਾ ਦਾਇਕ ਹੈ ਉਨ੍ਹਾਂ ਕਿਹਾ ਕਿ ਅਜੋਕੇ ਤੇਜ਼ ਤਰਾਰ ਤੇ ਸਵਾਰਥੀ ਸਮੇਂ ਵਿੱਚ ਅੰਨ੍ਹੀ ਦੌੜ ਰਹੇ ਮਨੁੱਖ ਨੂੰ ਗੁਰੂ ਜੀ ਦੀ ਬਾਣੀ ਜਿਥੇ ਸਾਨੂੰ ਸਭਨਾਂ ਨੂੰ ਮੱਧੂ-ਮੱਖੀਆਂ ਵਾਂਗ ਏਕੇ ਅਤੇ ਇਤਫ਼ਾਕ ਨਾਲ ਰਹਿਣ ਦੀ ਪ੍ਰੇਰਨਾ ਦਿੰਦੀ ਹੈ, ਉਥੇ ਹੱਕ ਹਲਾਲ ਦੀ ਕਮਾਈ ਕਰਨ, ਭਜਨ ਬੰਦਗੀ ਕਰ ਪ੍ਰਮਾਤਮਾ ਨਾਲ ਸੱਚਾ ਨਾਤਾ ਜੋੜ ਕੇ ਜੀਵਨ ਸਫ਼ਲਾ ਕਰਨ ਲਈ ਪ੍ਰੇਰਿਤ ਕਰਦੀ ਹੈ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ

# ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਦੇ ਗ੍ਰਹਿ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ
















(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਦੇ ਗ੍ਰਹਿ ਵਿਖੇ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦੋ ਸ਼੍ਰੀ ਅਖੰਡ ਪਾਠ ਸਾਹਿਬ ਭਗਤ ਰਵਿਦਾਸ ਜੀ ਦੇ ਜਨਮ ਦਿਹਾੜਾ ਅਤੇ ਭਾਈ ਗੁਰਭੇਜ ਸਿੰਘ ਜੀ ਜ਼ਿਲਾ ਪ੍ਰਧਾਨ ਤਰਨ ਤਾਰਨ ਵਾਲਿਆਂ ਦੀ ਧੀ ਜੁਗਾਦਿ ਬੀਰ ਕੌਰ ਦੀ ਖੁਸ਼ੀ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਵਿੱਚ ਜੀ ਦੇ ਭੋਗ ਪਾਏ ਗਏ ਉਪਰੰਤ ਦੀਵਾਨ ਸਜਾਏ ਗਏ। ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਨਿਸ਼ਾਨ ਸਿੰਘ ਜੀ ਨੇ ਕਥਾ ਵਿਚਾਰ ਨਾਲ ਸਾਂਝ ਪਾਈ।ਇਸ ਤੋਂ ਉਪਰੰਤ ਸੰਤ ਬਾਬਾ ਪ੍ਰਤਾਪ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਵੱਲੋਂ ਮਨੋਹਰ ਬਾਣੀ ਦਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇੰਟਰਨੈਸ਼ਨਲ ਪੰਥਕ ਦਲ ਦੇ ਐਕਟਿੰਗ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੇ ਆਪਣੀ ਹਾਜ਼ਰੀ ਭਰੀ ਅਤੇ ਭਗਤ ਰਵਿਦਾਸ ਜੀ ਦੇ ਜੀਵਨੀ ਤੇ ਸਾਂਝ ਪਾਈ। ਬੇਅੰਤ ਸੰਗਤਾਂ ਨੇ ਹਾਜਰੀ ਭਰੀ ਅਤੇ ਆਈਆਂ ਸੰਗਤਾਂ ਵਾਸਤੇ ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ ਵਾਲਿਆਂ ਨੇ ਪਹੁੰਚ ਕੇ ਹਾਜਰੀ ਭਰੀ।ਇਸ ਮੌਕੇ ਭਾਈ ਭੁਪਿੰਦਰ ਸਿੰਘ ਜੀ ਜਿਲਾ ਪ੍ਰਧਾਨ ਸ੍ਰੀ ਅੰਮ੍ਰਿਤਸਰ, ਭਾਈ ਮਨਪ੍ਰੀਤ ਸਿੰਘ ਜੀ ਸੋਹੀ ਦਸ਼ਮੇਸ਼ ਨਗਰ ਇਕਾਈ ਪ੍ਰਧਾਨ, ਭਾਈ ਭਾਈ ਪ੍ਰਭਸ਼ਰਨ ਸਿੰਘ ਜੀ ਭਿੱਖੀਵਿੰਡ ਫਾਊਂਡੇਸ਼ਨ, ਭਾਈ ਹਰਭਾਲ ਸਿੰਘ ਜੀ ਹੈੱਡ ਗ੍ਰੰਥੀ,ਭਾਈ ਕੁਲਦੀਪ ਸਿੰਘ ਜੀ ਚੱਕ ਬਾਂਹਬਾ, ਭਾਈ ਸੁਖਰਾਜ ਸਿੰਘ ਜੀ ਖੇਮ ਕਰਨ, ਬਾਬਾ ਗੁਰਮੁਖ ਸਿੰਘ ਜੀ ਤਰਨ ਤਾਰਨ, ਸੂਬੇਦਾਰ ਬਲਬੀਰ ਸਿੰਘ ਜੀ, ਰੇਸ਼ਮ ਸਿੰਘ ਭੁੱਲਰ, ਸੁਰਜੀਤ ਸਿੰਘ ਰੋਪੜ, ਜਤਿੰਦਰ ਸਿੰਘ, ਡਾਕਟਰ ਕਮਲਜੀਤ ਸਿੰਘ ਬਾਊ ਬਾਸਰਕੇ, ਭਾਈ ਗੁਰਵੇਲ ਸਿੰਘ ਸਾਬਕਾ ਕਾਨੂੰਗੋ, ਡਾਕਟਰ ਅੰਗਰੇਜ਼ ਸਿੰਘ ਅਤੇ ਬੇਅੰਤ ਨਗਰ ਇਲਾਕਾ ਨਿਵਾਸੀ ਦੀਆਂ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243